ੴ ਸਤਿਗੁਰ ਪ੍ਰਸਾਦਿ ॥

# ਨਵਾਬ ਕਪੂਰ ਸਿੰਘ ਜੀ

## ਮੁੱਗਲ ਕਾਲ ਕਾ ਸਿੱਖ ਸੰਗ੍ਰਾਮ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼ ਵਿਚ ਮੁੱਗਲ ਕਾਲ ਸਮੇਂ ਸਿੱਖਾਂ ਨਾਲ ਹੋਏ ਘਲੂਘਾਰੀਆਂ ਦੇ ਸੰਗ੍ਰਸ਼ ਦਾ ਬੋੱਧ ਕਰਾਣਾਂ ਹੀ ਹੈ।

**ਪ੍ਰਕਾਸ਼ਕ**

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ Ph. : (0172-2696891), 09988160484

Download Free

# ਨਵਾਬ ਕਪੂਰ ਸਿੰਘ ਜੀ

ਨਵਾਬ ਕਪੂਰ ਸਿੰਘ ਜੀ 18ਵੀਂ ਸਦੀ ਦੇ ਇੱਕ ਮਹਾਨ ਜਰਨੈਲ ਹੋਏ ਹਨ। ਜਿਥੇ ਉਹ ਸੰਗਤਾਂ ਦੀ ਸੇਵਾ ਤਨ-ਮਨ ਨਾਲ ਕਰਦੇ ਸਨ, ਉਥੇ ਜੰਗਾਂ ਵਿਚ ਵੀ ਅਜਿਹੀ ਬੀਰਤਾ ਨਾਲ ਲੜਦੇ ਸਨ ਕਿ ਵੱਡੇ-ਵੱਡੇ ਤੀਸ ਮਾਰ ਖ਼ਾਨ ਵੀ ਉਨ੍ਹਾਂ ਅੱਗੇ ਨਹੀਂ ਸਨ ਠਹਿਰਦੇ। ਨਾਦਰਸ਼ਾਹ ਵਰਗੇ ਜ਼ਾਲਮ ਵੀ ਉਨ੍ਹਾਂ ਦੇ ਨਾਮ ਤੋਂ ਹੀ ਘਬਰਾਉਂਦੇ ਸਨ।

ਸੰਨ 1938 ਦੇ ਅਖੀਰ, ਨਾਦਰਸ਼ਾਹ ਆਪਣੇ 12000 ਸੂਰਬੀਰ ਘੋੜਸਵਾਰ ਸੈਨਕਾਂ ਦੀ ਇਕ ਤਕੜੀ ਫ਼ੌਜ ਲੈ ਕੇ ਦਿੱਲੀ ਨੂੰ ਲੁੱਟਣ ਦੀ ਨੀਅਤ ਨਾਲ ਲਾਹੌਰੋਂ ਤੁਰਿਆ। ਦਿੱਲੀ ਦਾ ਹਾਕਮ ਮੁਹੰਮਦਸ਼ਾਹ ਰੰਗੀਲਾ ਵੀ ਇੱਕ ਲੱਖ 50 ਹਜ਼ ਫ਼ੌਜ ਲੈ ਕੇ ਕਰਨਾਲ ਪੁੱਜ ਗਿਆ, ਤਾਂ ਜੋ ਨਾਦਰ ਦੀ ਫ਼ੌਜ ਨੂੰ ਠੱਲ ਪਾਈ ਜਾ ਸਕੇ, ਪਰ ਮੈਦਾਨ ਵਿਚ ਉਸ (ਮੁਹੰਮਦਸ਼ਾਹ) ਦੀਆਂ ਫ਼ੌਜਾਂ ਨੂੰ ਬਹੁਤ ਬੁਰੀ ਤਰ੍ਹਾਂ ਹਾਰ ਹੋਈ।

ਮੁਹੰਮਦਸ਼ਾਹ, ਨਾਦਰਸ਼ਾਹ ਨੂੰ ਦਿੱਲੀ ਲੈ ਆਇਆ। ਅਗਲੇ ਦਿਨ ਨਾਦਰਸ਼ਾਹ ਨੇ ਮੁਗਲ ਬਾਦਸ਼ਾਹ ਤੋਂ 25 ਕਰੋੜ ਰੁਪਏ ਲੜਾਈ ਦਾ ਖ਼ਰਚ ਮੰਗਿਆ। ਮੁਹੰਮਦ ਸ਼ਾਹ ਨੇ ਖ਼ਜ਼ਾਨੇ ਖੋਲ੍ਹ ਦਿਤੇ। ਇਥੇ ਹੀ ਬੱਸ ਨਹੀਂ, ਨਾਦਰਸ਼ਾਹ ਨੇ ਲਗਪਗ 9 ਘੰਟੇ ਦਿੱਲੀ ਅੰਦਰ ਕਤਲੇਆਮ ਮਚਾਈ ਅਤੇ ਲਗਪਗ ਇਕ ਲੱਖ ਵੀਹ ਹਜ਼ਾਰ ਇਸਤਰੀ ਪੁਰਸ਼ ਮੌਤ ਦੇ ਘਾਟ ਉਤਾਰੇ। ਐਸੇ ਜ਼ਾਲਮ ਦੁਰਾਨੀ ਨੂੰ, ਸਿੰਘਾਂ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਅਜਿਹਾ ਸਬਕ ਸਿਖਾਇਆ ਕਿ ਉਸ ਨੂੰ ਕਹਿਣਾ ਪਿਆ ਕਿ ਉਹ ਦਿਨ ਦੂਰ ਨਹੀਂ ਜਦ ਇਹ ਕੌਮ ਹਿੰਦੋਸਤਾਨ ਦੀ ਮਾਲਕ ਬਣ ਜਾਏਗੀ। ਨਵਾਬ ਕਪੂਰ ਸਿੰਘ ਨੇ ਸਿੱਖ ਕੌਮ ਨੂੰ ਅਜਿਹੇ ਸਮੇਂ ਅੰਦਰ ਅਗਵਾਈ ਦਿਤੀ ਜਿਸ ਵੇਲੇ ਵੱਡੇ-ਵੱਡੇ ਜਾਬਰ ਸਿੱਖਾਂ ਦਾ ਖੁਤਾ ਖੋਜ ਮਿਟਾਉਣ ਪੁਰ ਲੱਗ ਹੋਏ ਸਨ।

ਸਿੱਖ ਇਤਿਹਾਸ ਅੰਦਰ ਹੋਈਆਂ ਅਨੇਕਾਂ ਸ਼ਹੀਦੀਆਂ ਆਪ ਦੇ ਜੀਵਨ ਕਾਲ ਵਿਚ ਹੀ ਹੋਈਆ। ਸਿੰਘਾਂ ਦੀਆਂ ਖੋਪਰੀਆਂ ਉਤਾਰੀਆਂ ਗਈਆਂ, ਬੰਦ ਬੰਦ ਜੁਦਾ ਕੀਤ ਗਏ, ਚਰਖੜੀ ਤੇ ਚਾੜ੍ਹੇ ਗਏ, ਹਾਥੀਆਂ ਦੇ ਪੈਰ ਨਾਲ ਬੰਨ੍ਹ ਕੇ ਪਾੜੇ ਗਏ, ਮੂੰਗਲੀਆਂ ਨਾਲ ਉਹਨਾਂ ਦੇ ਸਿਰ ਫੇਹੇ ਗਏ,

ਸ਼ਿਕਾਰੀ ਕੁੱਤਿਆਂ ਕੋਲੋਂ ਸਿੰਘਾਂ ਨੂੰ ਪੜਵਾਇਅ ਗਿਆ, ਸਿੰਘਣੀਆਂ ਦੇ ਗਲਾਂ ਅੰਦਰ ਮਸੂਮ ਬੱਚਿਆਂ ਦੇ ਟੋਟੇ-ਟੋਟੇ ਕਰਕੇ ਹਾਰ ਪਾਏ ਗਏ। ਪਤਾ ਨਹੀਂ ਕਿੰਨੇ ਅਕਹਿ ਅਤੇ ਅਸਹਿ ਕਸ਼ਟ ਸਿੱਖ ਕੌਮ ਨੂੰ ਸਹਾਰਨੇ ਪਏ, ਪਰ ਆਪ ਜੀ ਦੀ ਸੁਚੱਜੀ ਅਗਵਾਈ ਕਾਰਨ ਕੌਮ ਕੁੰਦਨ ਹੋ ਕੇ ਪ੍ਰਗਟ ਹੋਈ ਅਤੇ ਸਿੱਖਾਂ ਨੇ ਸਾਰੇ ਵੈਰੀਆਂ ਅਤੇ ਦੁਸ਼ਟਾਂ ਕੋਲੋ ਗਿਣ-ਗਿਣ ਕੇ ਬਦਲੇ ਲਏ।

ਨਵਾ ਕਪੂਰ ਸਿੰਘ ਜੀ ਦਾ ਜਨਮ ਸੰਨ 1967 ਈ. ਨੂੰ ਚੌਧਰੀ ਦਲੀਪ ਸਿੰਘ ਦੇ ਘਰ, ਪਿੰਡ ਕਾਲੋਕੇ, ਪਰਗਨਾ ਸ਼ੇਖੂਪੁਰਾ ਵਿਚ ਹੋਇਆ। ਉਨ੍ਹਾਂ ਦਾ ਪਿਤਾ ਪਿੰਡ ਦੀ ਮਾਲੌਕ ਪੱਤੀ ਦਾ ਪੱਤੀਦਾਰ ਸੀ ਅਤੇ ਗੁਰੂਘਰ ਦਾ ਸਿਦਕੀ ਸਿੱਖ ਸੀ। ਸ. ਕਪੂਰ ਸਿੰਘ ਜੀ ਦਾ ਕੱਦ ਉੱਚਾ, ਚਿਹਰਾ ਭਰਵਾਂ ਤੇ ਜੁੱਸਾ ਸ਼ਕਤੀ ਭਰਪੂਰ ਸੀ। ਬੁਧੀ ਬਹੁਤ ਤੀਖਣ ਸੀ। ਆਪਣੀ ਮਾਤਾ ਪਾਸੋਂ ਉਨ੍ਹਾਂ ਨੇ ਗੁਰਬਾਣੀ ਕੰਠਕੀਤੀ, ਅਤੇ ਸ਼ਸਤ੍ਰ ਵਿਦਿਆ ਵੀ ਸਿੱਖ ਲਈ।ਆਪ ਜੀ ਨੇ ਸੰਨ 1721 ਵਿ ਭਾਈ ਮਨੀ ਸਿੰਘ ਜੀ ਦੇ ਜਥੇ ਪਾਸੋਂ ਅੰਮ੍ਰਿਤਸਰ ਵਿਖੇ ਅੰਮ੍ਰਿਤ ਪਾਨ ਕੀਤਾ ਸੀ।

ਉਸ ਸਮੇ ਹਕੂਮਤ ਵੱਲੋਂ ਕੁਝ ਐਸੇ ਹਾਲਾਤ ਕੀਤੇ ਗਏ ਜਿਨ੍ਹਾਂ ਨੇ ਖ਼ਾਲਸੇ ਨੂੰ ਆਪਣੇ ਭਵਿੱਖ ਬਾਰੇ ਸੋਚਣ ਲਈ ਮਜ਼ਬੂਰ ਕੀਤਾ। ਇਸ ਸਮੇਂ ਖ਼ਾਲਸਾ ਛੋਟੇ-ਛੋਟੇ ਜੱਥਿਆਂ ਵਿਚ ਵਿਚਰਦਾ ਸੀ। ਇਹ ਜਥੇ ਭੀੜ ਪੈਣ ਤੇ ਇਕੱਠੇ ਹੋ ਜਾਂਦੇ ਸਨ। ਸੰਨ 1726 ਦੀ ਇੱਕ ਘਟਨਾ ਉਪਰੰਤ ਖ਼ਾਲਸੇ ਨੇ ਭਵਿਖ ਦਾ ਪ੍ਰੋਗਰਾਮ ਹਾਲਾਤ ਅਨੁਸਾਰ ਉਲੀਕਿਆ। ਇਹ ਘਟਨਾ ਸੀ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ। ਭਾਈ ਸਾਹਿਬ ਦਾ ਪੰਥ ਵਿਚ ਵੱਡਾ ਸਤਿਕਾਰ ਸੀ। ਇਸ ਆਦਰਸ਼ਕ ਗੁਰਸਿੱਖ ਦੀ ਸ਼ਹੀਦੀ ਨੇ ਪੰਥਕ ਜੱਥੇਦਾਰਾਂ ਨੂੰ ਇਕ ਜਗ੍ਹਾਂ ਇਕੱਠਾ ਕਰ ਦਿਤਾ ਅਤੇ ਸੈਂਕੜ ਗੁਰਸਿੱਖ ਆਪਣੇ ਕੰਮ-ਧੰਦਿਆਂ ਨੂੰ ਛੱਡ ਕੇ ਪੰਥ ਦੀ ਸੇਵਾ ਲਈ ਨਿਤਰ ਪਏ। ਇਹਨਾਂ ਹਜ਼ਾਰਾਂ ਗੁਰਸਿੱਖਾਂ ਵਿਚ ਸ. ਕਪੂਰ ਸਿੰਘ ਵੀ ਸੀ, ਜਿਨ੍ਹਾਂ ਨੇ ਅੰਮ੍ਰਿਤਸਰ ਪਹੁੰਚ ਕੇ ਦੀਵਾਨ ਦਰਬਾਰਾ ਸਿੰਘ ਦੇ ਜੱਥੇ ਵਿਚ ਸੇਵਾ ਕੀਤੀ।

ਕੌਮੀ ਹਾਲਾਤ ਉਤੇ ਵਿਚਾਰ ਕਰਨ ਲਈ ਖ਼ਾਲਸੇ ਦਾ ਇਤਿਹਾਸਕ ਇਕੱਠ ਅੰਮ੍ਰਿਤਸਰ ਵਿਚ ਹੋਇਆ। ਇਥੇ ਖਾਲਸੇ ਨੇ ਫ਼ੈਸਲਾ ਕੀਤਾ ਕਿ ਹਕੂਮਤ ਦੇ ਖ਼ਜਾਨੇ ਲੁੱਟੇ ਜਾਣ, ਸ਼ਾਹੀ ਹਥਿਅਰ-ਘਰਾਂ ਤੋਂ ਹਥਿਆਰ ਅਤੇ ਘੋੜੇ ਪ੍ਰਾਪਤ ਕੀਤੇ ਜਾਣ ਤੇ ਹਕੂਮਤ ਦੇ ਸਹਾਿਹਕਾਂ ਤੇ ਖੁਸ਼ਾਮਦੀਆਂ ਦੀ ਪੂਰੀ ਤਰ੍ਹਾਂ ਸੁਧਾਈ ਕੀਤੀ ਜਾਵੇ। ਜੱਥੇਦਾਰ ਦਰਬਾਰਾ ਸਿੰਘ ਨੇ ਨੌਜਵਾਨ ਕਪੂਰ ਸਿੰਘ ਦੀ ਯੋਗਤਾ ਨੂੰ

ਦੇਖਦੇ ਹੋਏ ਉਨ੍ਹਾਂ ਨੂੰ ਮੁਖ ਸੇਵਾਦਾਰ ਦੇ ਰੂਪ ਵਿਚ ਪ੍ਰਵਾਨ ਕੀਤਾ। ਸ. ਕਪੂਰ ਸਿੰਘ ਦੀ ਜੱਥੇਦਾਰੀ ਵਿਚ ਇਕ ਤਕੜਾ ਨੌਜਵਾਨਾਂ ਦਾ ਜੱਥਾ ਮਾਝੇ ਵੱਲ ਨੂੰ ਨਿਕਲਿਆ, ਜਿਸ ਦਾ ਵੱਡਾ ਕੰਮ ਵੈਰੀ ਦੀਆਂ ਖ਼ਬਰਾਂ ਹੈਡਕਵਾਟਰ ਪਹੁੰਚਣ ਦਾ ਸੀ।

ਉਲੀਕੇ ਗਏ ਪ੍ਰੋਗਰਾਮ ਅਨੁਸਾਰ 400 ਸਿੰਘਾਂ ਨੇ ਮਿਲ ਕੇ ਕਰੀਬ ਚਾਰ ਲੱਖ ਰੁਪਏ ਦਾ ਪਹਿਲਾ ਸ਼ਾਹੀ ਖ਼ਜ਼ਾਨਾ, ਜੋ ਮੁਲਤਾਨ ਤੋਂ ਲਾਹੌਰ ਜਾ ਰਿਹਾ ਸੀ, ਖੁਡੀਆ ਪਰਗਨਾਂ ਲਾਹੌਰ ਦੇ ਮੁਕਾਮ ਤੇ ਲੁੱਟਿਆ। ਵੈਰੀ ਦੇ ਘੋੜੇ ਅਤੇ ਸ਼ਸਤਰ ਵੀ ਖੋਹ ਲਿਆਂਦੇ ਅਤੇ ਵੈਰੀਆਂ ਦਾ ਕਾਫ਼ੀ ਜਾਨੀ ਨੁਕਸਾਨ ਕੀਤਾ। ਦੂਜੀ ਮਾਰ ਵਿਚ ਖ਼ਾਲਸੇ ਨੇ ਇਕ ਲੱਖ ਰੁਪਏ ਦਾ ਖ਼ਜ਼ਾਨਾ, ਜੋ ਕਸੂਰ ਤੋਂ ਲਾਹੌਰ ਲਿਜਾਇਆ ਜਾ ਰਿਹਾ ਸੀ, ਕਾਹਨੇ-ਕਾਛੇ ਦੇ ਲਾਗੇ ਲੁੱਟਿਆ। ਇਸ ਹਮਲੇ ਵਿਚ ਚਵਿੰਡੇ ਪਿੰਡ ਦੇ ਸਿੰਘ ਸਨ। ਤੀਜੀ ਸਫਲਤਾ ਖ਼ਾਲਸੇ ਨੂੰ ਇਹ ਹੋਈ ਕਿ ਆਪਣੇ ਵੈਰੀ 'ਮੁਰਤਜ਼ਾ ਖ਼ਾਨ ਉਚਕਜ਼ਈ' (ਜੋ ਕਾਬਲ, ਈਰਾਨ ਦੇ ਘੋੜੇ, ਸ਼ਾਹੀ ਸੈਨਾ ਪਾਸਘੋੜੇ ਸਪਲਾਈ ਕਰਦਾ ਸੀ ਅਤੇ ਸ਼ਸਤਰ ਵੀ ਭੇਜਦਾ ਸੀ), ਦੀ ਸੁਧਾਈ ਕੀਤੀ ਗਈ। ਇਸ ਨੇ ਭਾਈ ਤਾਰਾ ਸਿੰਘ 'ਵਾਂ' ਦੇ ਵਿਰੁਧ ਲੜਾਈ ਵਿਚ ਵੀ ਹਿੱਸ ਲਿਆ ਸੀ। ਸੰਨ 1726 ਵਿਚ ਇਹ ਕਈ ਸੌ ਘੋੜੇ ਅਤੇ ਹਥਿਆਰਾਂ ਦਾ ਜ਼ਖੀਰਾ ਕਾਬਲ ਤੋਂ ਦਿੱਲੀ ਲਿਜਾ ਰਿਹਾ ਸੀ। ਜਦ ਇਹ ਜ਼ੰਡਿਆਲੇ ਪਾਸ ਪੁੱਜਾ ਤਾਂ ਸ. ਕਪੂਰ ਸਿੰਘ ਦੇ ਜੱਥੇ ਨੇ ਆ ਖ਼ਬਰ ਦਿਤੀ। ਖ਼ਾਲਸੇ ਨੇ ਇਕ ਦਮ ਹਮਲਾ ਕੀਤਾ ਅਤੇ ਘੋੜੇ ਤੇ ਹਥਿਆਰ ਖੋਹ ਲਏ। ਇਸ ਨਾਲ ਖ਼ਾਲਸੇ ਪਾਸ ਘੋੜੇ ਤੇ ਹਥਿਆਰਾਂ ਦੀ ਭਰਮਾਰ ਹੋ ਗਈ। ਇਸ ਸਮੇਂ ਖ਼ਾਲਸੇ ਦੇ ਜੱਥੇਦਾਰਾਂ ਵਿਚੋਂ ਜਿਹਨਾਂ ਦੇ ਮਹਾਨ ਹਸਤੀਆਂ ਨੇ ਵੱਡੀ ਸੇਵ ਕੀਤੀ, ਉਹ ਸਨ ਜੱਥੇਦਾਰ ਦਰਬਾਰਾ ਸਿੰਘ ਅਤੇ ਸ. ਕਪੂਰ ਸਿੰਘ ਜੀ। ਇਸ ਸਮੇ ਜਿਉਂ-ਜਿਉ ਖ਼ਾਲਸੇ ਨੂੰ ਦਬਾਣ ਦਾ ਯਤਨ ਕੀਤਾ ਜਾਂਦਾ ਸੀ, ਤਿਉਂ-ਤਿਉਂ ਖ਼ਾਲਸਾ ਆਪਣੇ ਸੂਝਵਾਨ ਆਗੂਆਂ ਦੀ ਅਗਵਾਈ ਵਿਚ ਹੋਰ ਜ਼ਿਆਦਾ ਮਜ਼ਬੂਤ ਹੁੰਦਾ ਜਾਂਦਾ ਸੀ।

ਇਸ ਸਮੇਂ ਸਿੰਘਣੀਆਂ ਦੇ ਜੀਵਨ ਦੀ ਬੜੀ ਚੜ੍ਹਦੀ ਕਲਾ ਵਾਲੇ ਸਨ ਅਤੇ ਉਨ੍ਹਾਂ ਨੇ ਸਿੰਘਾਂ ਨਾਲ ਮੋਢਾ ਜੋੜ ਕੇ ਪੰਥ ਦੀ ਸੇਵਾ ਕੀਤੀ। ਸੰਨ 1726 ਵਿਚ ਜੱਥੇਦਾਰ ਬਹਾਦਰ ਸਿੰਘ ਚਾਵੰਡਾ ਨਿਵਾਸ ਦੇਪੁੱਤਰ ਦਾ ਵਿਆਹ ਸੀ। ਜੰਞ 20 ਕੋਹ ਤੇ ਗਈ ਹੋਈ ਸੀ। ਇਸ ਭੇਦ ਦੀ ਖ਼ਬਰ ਕੁਝ ਅਕ੍ਰਿਤਘਣ ਹਿੰਦੂਆਂ ਨੇ ਹਕੂਮਤ ਦੇ ਕਰਮਚਾਰੀਆਂ ਨੂੰ ਜਾ ਦਿੱਤੀ। ਜਦੋਂ ਜਰਵਾਣਿਆ ਦੀ ਸੈਨਾ

ਹਮਲਾ ਕਰਨ ਲਈ ਪਹੁੰਚੀ ਤਾਂ ਬਹਾਦਰ ਸਿੰਘਣੀਆਂ ਨੇ ਹਵੇਲੀ ਦੇ ਵੱਡੇ ਦਰਵਾਜ਼ੇ ਪਰ ਪਹੁੰਚ ਕੇ ਕਮਾਲ ਦੀ ਨਿਰਭੈਤਾ ਨਾਲ ਵੈਰੀਆਂ ਨੂੰ ਅੰਦਰ ਵੜਨ ਤੋਂ ਰੋਕਿਆ ਅਤੇ ਗੋਲੀਆਂ ਦੀ ਬੁਛਾੜ ਕਰਕੇ ਹਵੇਲੀ ਦੇ ਬਾਹਰ ਦੁਸ਼ਮਣ ਦੀਆਂ ਲੋਥਾਂ ਦੇ ਢੇਰ ਲਗਾ ਦਿੱਤੇ। ਇਨ੍ਹਾਂ ਨੇ ਵੈਰੀਆਂ ਦੇ ਹਥਿਆਰ ਵੀ ਖੋਹ ਲਏ। ਹੁਣ ਜਦ ਇਨ੍ਹਾਂ ਕੋਲ ਵਧੇਰੇ ਸ਼ਸਤਰ ਹੋ ਗਏ ਤਾਂ ਇਨ੍ਹਾਂ ਨੇ ਬਾਹਰ ਨਿਕਲ ਕੇ ਵੈਰੀਆਂ ਪਰ ਐਸੀ ਦ੍ਰਿੜਤਾ ਨਾਲ ਬੱਝਵਾਂ ਹੱਲਾ ਕੀਤਾ ਕਿ ਵੈਰੀਆਂ ਦੇ ਮੂੰਹ ਤੋੜ ਦਿਤੇ। ਦੁਸ਼ਮਣ ਜਿਧਰੋਂ ਆਏ ਸੀ ਉਧਰ ਨੂੰ ਵਾਪਸ ਭੱਜ ਨਿਕਲੇ।

ਇਕ ਹੋਰ ਮਾਰ ਵਿਚ ਖ਼ਾਲਸੇ ਦੇ ਜਥੇਦਾਰਾਂ ਸ. ਬੁੱਢਾ ਸਿੰਘ ਤੇ ਬਾਗ ਸਿੰਘ ਨੇ, ਮੁਹਮੰਦਜਾਫ਼ਰ ਖਾਨ, 'ਸੱਤ ਹਜ਼ਾਰੀ' ਨੂੰ ਕਰਾਰੇ ਹੱਥ ਵਿਖਾਏ। ਉਹ ਪਿਸ਼ਾਵਰ ਤੋਂ ਦਿੱਲੀ ਨੂੰ ਲੱਖਾਂ ਰੁਪਿਆਂ ਦਾ ਸੋਨਾ-ਚਾਂਦੀ ਲੈ ਕੇ ਜਾ ਰਿਹਾ ਸੀ। ਜਦ ਉਸਦਾ ਕਾਫ਼ਲਾ ਦਰਿਆ ਬਿਆਸਾਂ ਤੋਂ ਪਾਰ ਹੋਣ ਲੱਗਾ ਤਾਂ ਜੱਥੇਦਾਰਾਂ ਨੇ ਤਕੜਾ ਹਮਲਾ ਕਰ ਕੇ ਸਾਰੀ ਮਾਇਆ ਲੁੱਟ ਲਈ ਅਤੇ ਸਿਪਾਹੀਆਂ ਨੂੰ ਮਾਰ ਕੁੱਟ ਕੇਭਜਾ ਦਿਤਾ। ਇਹ ਸਭ ਹਮਲੇ ਜਾਂ ਸ਼ਾਹੀ ਖ਼ਜ਼ਾਨੇ ਦੀ ਲੁੱਟ ਕੇਵਲ ਹਕੂਮਤ ਨੂੰ ਸਬਕ ਸਿਖਾਣ ਲਈ ਹੀ ਸੀ, ਤਾਂ ਕਿ ਉਸਨੂੰ ਕਮਜ਼ੋਰ ਕਰਕੇ ਖ਼ਤਮ ਕੀਤਾ ਜਾਵੇ। ਜਿਥੋਂ ਤੱਕ ਖ਼ਾਲਸੇ ਦੇ ਇਖਲਾਕ ਦਾ ਸਵਾਲ ਹੈ, ਉਸ ਦੀ ਖੁਲ੍ਹ-ਦਿਲੀ ਦੀ ਮਿਸਾਲ ਮਿਲਣੀ ਔਖੀ ਹੈ। ਐਸੀ ਲੁੱਟ ਵਿਚ ਇਕ ਵਾਰ ਸੰਨ 1727 ਵਿਚ, ਗਲਤੀ ਨਾਲ ਸ਼ਾਹੀ ਖ਼ਜ਼ਾਨਾ ਸਮਝ ਕੇ, ਸਿਆਲਕੋਟ ਦੇ ਸੌਦਾਗਰ, 'ਸੇ੍ਠ ਪ੍ਰਤਾਪਚੰਦ' ਦਾ ਲੱਖਾਂ ਰੁਪਿਆਂ ਦਾ ਮਾਲ ਲੁੱਟ ਲਿਆ ਗਿਆ। ਜਦ ਦੀਵਾਨ ਦਰਬਾਰਾ ਸਿੰਘ, ਸ. ਕਪੂਰ ਸਿੰਘ ਤੇ ਸ. ਹਰੀ ਸਿੰਘ ਹਜ਼ੂਰੀਆ ਨੂੰ ਪਤਾ ਲੱਗਾਕਿ ਇਸਮਾਲ ਦੇ ਸੇਠ ਨ ਪੈਸੇ ਨਹੀਂ ਮਿਲੇ, ਤਾਂ ਉਹਨਾਂ ਨੇ ਉਸੇ ਤਰ੍ਹਾਂ ਮਾਲ ਵਾਪਸ ਕਰ ਦਿਤਾ, ਜਦੋਂ ਕਿ ਇਸ ਸਮੇਂ ਕੱਪੜੇ ਦੀ ਸਿੰਘਾਂ ਨੂੰ ਸਖਤ ਲੋੜ ਸੀ। ਖ਼ਾਲਸੇ ਦੀ ਇਸ ਕਰਨੀ ਨੇ ਉਹਨਾਂ ਦੀ ਸ਼ਾਨ ਨੂੰ ਬਹੁਤ ਉੱਚਾ ਕਰ ਦਿਤਾ।

ਸ਼ਾਹੀ ਖ਼ਜ਼ਾਨੇ ਦੀ ਖੋਹੀ ਖਾਹੀ ਦੀਆਂ ਖ਼ਬਰਾਂ ਸੁਣ ਕੇ ਦਿੱਲੀ ਦੀ ਹਕੂਮਤ ਬੜੀ ਘਬਰਾਈ ਅਤੇ ਉਸਨੇ ਆਪਣੀ ਵਿਸ਼ੇਸ਼ ਸੈਨਾ, ਸਿੱਖ ਦੇ ਸ਼ਿਕਾਰ ਲਈ ਜ਼ਕਰੀਆ ਖਾਨ ਦੀ ਸਹਾਇਤਾ ਲਈ ਭੇਜੀ। ਇਨ੍ਹਾਂ ਦੋਹਾਂ ਫ਼ੌਜਾਂ ਨੇ ਮਿਲ ਕੇ ਖ਼ਾਲਸੇ ਦੀ ਭਾਲ ਵਿਚ ਹਰ ਜੰਗਲ-ਜੂਹ ਅਤੇ ਛੁਪਣਗਾਹਾਂ ਛਾਣ ਮਾਰੀਆਂ। ਕਈ ਥਾਂ ਟਾਕਰੇ ਵੀ ਹੋਏ ਪਰ ਸਿੱਖ ਹੋਰ ਤਾਕਤਵਰ ਹੋ ਕੇ ਮੈਦਾਨ ਵਿਚ ਨਿਕਲੇ।

ਸੰਨ 173● ਵਿਚ ਖ਼ਾਲਸੇ ਨੇ ਤਰਨ ਤਾਰਨ ਦੇ ਲਾਗੇ ਨੂਰਦੀਨ ਦੀ ਸਰਾਂ ਉਤੇ ਲਾਹੌਰ ਤੋਂ ਦਿੱਲੀ ਜਾ ਰਹੇ ਮਾਲੀਏ ਦੀ ਲੱਖਾਂ ਰੁਪਏ ਦੀ ਰਕਮ ਲੁੱਟੀ। ਇਸ ਸਮੇਂ ਦੀਆਂ ਕਾਮਯਾਬੀਆਂ ਦਾ ਸਿਹਰਾ ਉਸ ਸਮੇਂ ਦੇ ਨਿਸ਼ਕਾਮ ਸੇਵ, ਕੁਰਬਾਨੀ ਦੇ ਪੁਤਲੇ, ਕਹਿਣੀ ਤੇ ਕਰਨੀ ਵਾਲੇ ਆਗੂਆਂ ਦੇ ਸਿਰ ਸੀ, ਜੋ ਉੱਚੇ ਜੀਵਨ ਕਾਰਨ ਹਰ ਸਮੇਂ ਲਾਲਚ ਅਤੇ ਹਉਮੈ ਤੋਂ ਉਪਰ ਉਠ ਕੇ ਸੇਵਾ ਕਰਦੇ ਹਨ।

ਖ਼ਾਲਸੇ ਦੇ ਹਮਲਿਆਂ ਤੋਂ ਦੁਖੀ ਹੋ ਕੇ ਜ਼ਕਰੀਆਂ ਖ਼ਾਨ ਨੇ ਹੋਰ ਸਖ਼ਤੀ ਕਰ ਦਿਤੀ ਅਤੇ ਗਸ਼ਤੀ ਫ਼ੌਜਾਂ ਪਿਡੋ-ਪਿੰਡ ਫਿਰ ਗਈਆਂ। ਐਸੀ ਹੀ ਇਕ ਗਸ਼ਤੀ ਟੁਕੜੀ ਦਾ ਸਾਹਮਣੇ ਸ. ਕਪੂਰ ਸਿੰਘ ਦੇ ਜੱਥੇ ਨਾਲ ਹੋ ਪਿਆ। ਆਪ ਜੀ ਜੱਥੇ ਸਮੇਤ ਅੰਮ੍ਰਿਤਸਰ ਜਾ ਰਹੇ ਸਨ ਕਿ ਰੋਪੜ ਦੇ ਲਾਗੇ ਫ਼ੌਜ ਆ ਟੱਕਰੀ। ਇਸ ਟੁਕੜੀ ਦੇ ਮੁਖੀ ਨੂੰ ਸ. ਕਪੂਰ ਸਿੰਘ ਨੇ ਆਪ ਪਾਰ ਬੁਲਾਇਆ। ਸ. ਕਪੂਰ ਸਿੰਘ ਨੂੰ ਲੜਾਈ ਵਿਚ ਮੱਥੇ ਉੱਤੇ ਇਕ ਡੂੰਘਾ ਜ਼ਖਮ ਲੱਗਿਆ।

ਇਸ ਪ੍ਰਕਾਰ ਖ਼ਾਲਸੇ ਨੇ ਹਕੂਮਤ ਦੇ ਖ਼ਜ਼ਾਨੇ ਵਿਚ ਪੈਸਾ ਜਾਣਾ ਬੰਦੇ ਕਰ ਦਿੱਤਾ। ਜ਼ਕਰੀਆ ਖਾਨ ਦੇ ਜ਼ੁਲਮਾਂ ਅਤੇ ਸਖ਼ਤੀ ਕਾਰਨ ਖ਼ਾਲਸਾ ਹੋਰ ਮਜ਼ਬੂਤ ਜੱਥੇਬੰਦੀ ਬਣਦਾ ਗਿਆ ਅੰਤ ਸੰਨ 1733 ਵਿਚ ਅੱਕ ਕੇ ਖਾਨ ਬਹਾਦਰ ਨੇ ਦਿੱਲੀ ਜਾ ਕੇ ਬਾਦਸ਼ਾਹ ਨੂੰ ਸਾਰੀ ਹਾਲਤ ਬਿਆਨ ਕੀਤੀ ਅਤੇ ਦੁਖੀ ਹੋ ਕੇ ਕਿਹਾ ਕਿ ਕੋਈ ਸਖ਼ਤੀ ਵੀ ਖ਼ਾਲਸੇ ਨੂੰ ਖ਼ਤਮ ਕਰਨ ਵਿਚ ਕੰਮ ਨਹੀਂ ਆ ਸਕੀ। ਹੁਣ ਦੂਜੀ ਚਾਲ ਹਕੂਮਤ ਨੇ ਵਰਤਣੀ ਆਰੰਭੀ ਕਿ ਖ਼ਾਲਸੇ ਉਤੋਂ ਸਾਰੀਆਂ ਬੰਦਸ਼ਾਂ ਹਟਾ ਕੇ ਅਤੇ ਆਗੂਆਂ ਨੂੰ ਉੱਚੇ ਪਦ ਦੇ ਕੇ ਲੜਾ ਦਿਤਾ ਜਾਵੇ। ਇਸ ਅਨੁਸਾਰ ਭਾਈ ਸੁਬੇਗ ਸਿੰਘ ਦੇ ਰਾਹੀਂ ਖ਼ਾਲਸੇ ਅੱਗੇ ਕੁਝ ਸੁਝਾਉ ਰੱਖ ਗਏ ਜੋ ਲੰਮੀ ਵਿਚਾਰ ਮਗਰੋਂ ਖ਼ਾਲਸੇ ਨੇ ਪ੍ਰਵਾਨ ਕੀਤੇ। ਖ਼ਾਲਸੇ ਨੂੰ ਇਕ ਲੱਖ ਰੁਪਏ ਦਾ ਪਰਗਨਾ ਦੀਪਾਲਪੁਰ, ਕੰਗਣਵਾਲ ਅਤੇ ਝਬਾਲ ਆਦਿ ਪਿੰਡਾਂ ਦੀ ਜਾਗੀਰ ਅਤੇ ਖਿੱਲਤ ਪੇਸ਼ ਕੀਤੀ ਗਈ। ਹਕੂਮਤ ਵੱਲੋਂ ਖ਼ਾਲਸੇ ਦੇ ਸਾਰੇ ਗੁਰਧਾਮਾਂ ਦੀ ਯਾਤਰਾ ਦੀ ਬੰਦਸ਼ ਵੀ ਹਟਾ ਦਿਤੀ ਗਈ। ਖ਼ਾਲਸੇ ਦੇ ਆਗੂਆਂ ਨੇ ਵਿਚਾਰਿਆ ਕਿ ਇਹ ਜਗੀਰ ਅਤੇ ਨਵਾਬੀ ਹਕੂਮਤ ਨੇ ਡਰ ਕੇ ਪੇਸ਼ ਕੀਤੀ ਹੈ, ਅਸੀਂ ਮੰਗੀ ਨਹੀਂ, ਜਦ ਤਕ ਸੂਬੇ ਦਾ ਖ਼ਾਲਸੇ ਨਾਲ ਵਰਤਾਰਾ ਚੰਗਾ ਰਹੇਗਾ ਉਦੋਂ ਤੱਕ ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ, ਜਦ ਵੀ ਉਸ ਦੀ ਨੀਅਤ ਫਿਰਦੀ ਦਿੱਸੀ, ਉਸੇ ਦਿਨ ਮੁੜ ਉਸਦੇ ਮੱਥੇ ਮਾਰਾਂਗੇ। ਅਸੀਂ ਇਸਨੂੰ ਪੰਥਕ ਹਿਤਾਂ ਸਾਹਵੇਂ ਚਿਮੜੇ ਨਹੀਂ ਰਹਿਣਾ। ਇਸ ਪ੍ਰਵਾਨਗੀ

ਵਾਸਤੇ ਵੱਡੇ ਲਾਭ ਜੋ ਮੁਖ ਰੱਖਏ ਗਏ ਉਹ ਸਨ, ਇਕ ਤਾਂ ਜਥੇਬੰਦੀ ਨੂੰ ਪੱਕਿਆ ਪੈਰਾਂ ਤੇ ਕਰਨਾ ਤੇ ਗੁਰਸਿੱਖੀ ਦੇ ਪਰਚਾਰ ਲਈ ਇਸ ਸਮੇਂ ਨੂੰ ਵਰਤਣਾ ਦੂਜਾ ਗੁਰਧਾਮਾਂ ਦੇ ਦਰਸ਼ਨ ਅਤੇ ਸੇਵਾ ਸੰਭਾਲ ਕਰਨੀ, ਹੁਣ, ਜਦੋਂ ਇਹ ਸਵਾਲ ਪੈਦਾ ਹੋਇਆ ਕਿ ਇਹ ਨਵਾਬੀ ਦਿੱਤੀ ਕਿਸ ਨੂੰ ਜਾਵੇ, ਤਾਂ ਦੋ ਮਹਾਨ ਹਸਤੀਆਂ ਦੇ ਨਾਂ ਸਾਹਮਣੇ ਆਏ, ਇਕ ਦੀਵਾਨ ਦਰਬਾਰਾ ਸਿੰਘ ਜੀ ਅਤੇ ਦੂਜੇ ਸ. ਕਪੂਰ ਸਿੰਘ ਜੀ। ਦੀਵਾਨ ਦਰਬਾਰਾ ਸਿੰਘ ਜੀ ਨੇ ਇਹ ਆਖ ਕੇ ਨਵਾਬੀ ਠੁਕਰਾ ਦਿੱਤੀ ਕਿ ਦਸਮ ਗੁਰੂ ਤਾਂ ਰਾਜ ਦਾ ਵਰ ਦੇ ਗਏ ਹਨ, ਅਸੀਂ ਨਵਾਬੀ ਕੀ ਕਰਨੀ ਹੈ? ਇਸ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਸਾਰੇ ਗੁਣ ਸ. ਕਪੂਰ ਸਿੰਘ ਵਿਚ ਮੌਜੂਦ ਹੋਣ ਕਰਕੇ ਇਹ ਫ਼ੈਸਲਾ ਕੀਤਾ ਕਿ ਇਹ ਜਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਜਾਵੇ। ਇਹ ਜੱਥੇਦਾਰ ਹਰ ਪ੍ਰਕਾਰ ਦੀ ਸੇਵਾ–ਲੰਗਰ ਦੇ ਭਾਂਡੇ ਮਾਂਜਣ, ਪਾਣੀ ਤੇ ਪੱਖੇ ਦੀ ਸੇਵਾ ਹੱਥੀਂ ਕਰਨ ਅਤੇ ਤਬੇਲੇ ਵਿਚ ਘੋੜਿਆਂ ਦੀ ਵੀ ਦੇਖ ਭਾਲ ਕਰਨ ਵਿਚ ਮਾਹਣ ਸਮਝਦਾ ਸੀ।

ਜਦ ਖ਼ਾਲਸੇ ਨੇ ਨਵਾਬੀ ਸ: ਕਪੂਰ ਸਿੰਘ ਜੀ ਨੂੰ ਬਖਸ਼ਣ ਦਾ ਫ਼ੈਸਲਾ ਕੀਤਾ, ਉਸ ਸਮੇਂ ਉਹ ਦੀਵਾਨ ਵਿਚ ਪੱਖੇ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਬੇਨਤੀ ਕੀਤੀ ਕਿ ਇਹ ਖਿਲਅਤ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਬਖਸ਼ੀ ਜਾਵੇ। ਅਰਦਾਸਾ ਸੋਧ ਕੇ ਪੰਜਾਂ ਪਿਆਰਿਆਂ ਨੇ ਨਵਾਬੀ ਦੀ ਖਿਲਅਤ ਕਪੂਰ ਸਿੰਘ ਨੂੰ ਪਹਿਨਾਈ। ਖਿਲਅਤ ਨਾਲ ਇਹ ਕੁਝ ਆਇਆ ਸੀ– ਸ਼ਾਲ ਦੀ ਪੱਗ, ਇਕ ਜੜਾਊਕਲਗੀ, ਜਿਗਾ, ਇਕ ਜੋੜੀ ਸੁਨਹਿਰੀ ਕੰਗਣਾਂ ਦੀ, ਕੰਠਾ, ਇਕ ਬਹੁ–ਮੁਲੇ ਮੋਤੀਆਂ ਦੀ ਮਾਲਾ, ਇਕ ਕੀਨਖੁਵਾਬ ਦਾ ਜਾਮਾ, ਇਕ ਜੜਾਊਸ਼ਮਸ਼ੀਰ। ਇਸ ਜੱਥੇਦਾਰ ਦੀ ਨਿਮਰਤਾ ਦੀ ਮਿਸਾਲ ਦਾ ਨਮੂਨਾ ਇਸ ਪ੍ਰਕਾਰ ਇਤਿਹਾਸ ਨੇ ਪੇਸ਼ ਕੀਤਾ ਹੈ ਕਿ ਨਵਾਬ ਕਪੂਰ ਸਿੰਘ ਨੇ ਖ਼ਾਲਸੇ ਦੀ ਹਜ਼ੂਰੀ ਵਿਚ ਇਹ ਬੇਨਤੀ ਕੀਤੀ ਕਿ ਸੰਗਤਾਂ ਦੀ ਸੇਵਾ ਤੋਂ ਮੈਨੂੰ ਵਾਂਝਿਆਂ ਨਹੀਂ ਰਖਣਾ।

ਨਵਾਬ ਕਪੂਰ ਸਿੰਘ ਜੀ ਏਨੇ ਸੂਝਵਾਨ ਸਨ ਕਿ ਉਹ ਹਕੂਮਤ ਨਾਲ ਮੇਲ ਨੂੰ ਥੋੜ੍ਹ–ਚਿਰਾ ਹੀ ਸਮਝਦੇ ਸਨ। ਉਹ ਕਹਿੰਦੇ ਸਨ ਕਿ ਜਿੰਨਾ ਸਮਾਂ ਮਿਲ ਗਿਆ ਹੈ, ਉਸ ਨੂੰ ਬਹੁਮੁੱਲਾ ਜਾਣ ਕੇ ਉਸ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਖਿੰਡੇ ਹੋਏ ਖ਼ਾਲਸੇ ਦਾ

ਅੰਮ੍ਰਿਤਸਰ ਇਕੱਠ ਬੁਲਾਇਆ ਅਤੇ ਖ਼ਾਲਸੇ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ, 'ਬੁੱਢਾ ਦਲ' ਅਤੇ ਤਰੁਨਾ ਦਲ ਵਿਚ 40 ਸਾਲਾਂ ਤੋਂ ਘੱਟ ਉਮਰ ਦੇ ਨੌਜੁਆਨ ਗੁਰਸਿੱਖ। 'ਬੁੱਢਾ ਦਲ' ਦੇ ਜ਼ਿੰਮੇਂ ਗੁਰਦੁਆਰਿਆਂ ਦੀ ਦੇਖ-ਭਾਲ, ਸਿੱਖ ਧਰਮ ਦਾ ਪ੍ਰਚਾਰ ਕਰਨਾ, ਗੁਰ ਮਰਯਾਦਾ ਦੀ ਪਵਿਤਰਤਾ ਨੂੰ ਮਿਲਾਵਟ ਤੋਂ ਸੁਰੱਖਿਅਤ ਰੱਖਣਾ ਅਤੇ ਲੋੜ ਪੈਣ ਉਤੇ 'ਤਰੁਨਾ ਦਲ' ਦੀ ਯੁਧ ਵਿਚ ਮਦਦ ਕਰਨ ਦੀ ਸੇਵਾ ਲੱਗੀ। 'ਤਰੁਨਾ ਦਲ' ਦਾ ਮੁਖ ਕੰਮ, ਦੀਨਾਂ ਦੁਖੀਆਂ ਦੀ ਸਹਾਇਤਾ, ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਅਤੇ ਪੰਜਾਬ ਉਤੇ ਰਾਜ ਸਥਾਪਤ ਕਰਨਾ ਸੀ।

ਨਵਾਬ ਕਪੂਰ ਸਿੰਘ ਨੇ ਸਿੱਖ ਰਾਜ ਸਥਾਪਤ ਕਰਨ ਅਤੇ ਪੰਥ ਨੂੰ ਮਜ਼ਬੂਤ ਪੈਰਾਂ ਤੇ ਖੜ੍ਹਾ ਕਰਨ ਹਿਤ ਕੁਝ ਹੋਰ ਜ਼ਰੂਰੀ ਕਦਮ ਚੁੱਕੇ, ਜੋ ਕਿ ਇਕ ਦੂਰੰਦੇਸ਼ ਅਤੇ ਸੂਝਵਾਨ ਆਗੂਲਈ ਜ਼ਰੂਰੀ ਬਣਦਾ ਸੀ। (ਉਸ ਸਮੇਂ ਦੇ ਆਗੂਆਪਣੀ ਨਿਜੀ ਸ਼ਖਸੀਅਤ ਜਾਂ ਨਿਜੀ ਲਾਭਾਂ ਦੀ ਥਾਂ ਪੰਥ ਦੀ ਬਿਹਤਰੀ ਦੀ ਚਿੰਤਾ ਕਰਦੇ ਸਨ, ਪਰ ਮੌਜੂਦਾ ਸਮੇਂ ਪੰਥਕ ਲਾਭਾਂ ਦੀ ਥਾਂ, ਨਿਜੀ ਲਾਭਾਂ ਨੂੰ ਮੁੱਖ ਰੱਖਿਆ ਜਾ ਰਿਹਾ ਹੈ।) (ਅਜਕਲ੍ਹ ਦੇ ਜੱਥੇਦਾਰ ਤਾਂ ਸੋਫ਼ਿਆਂ ਉਤੇ ਬੈਠਣ ਅਤੇ ਵੱਡੀਆਂ-ਵੱਡੀਆਂ ਕੋਠੀਆਂ ਤੇ ਕਾਰਾਂ ਨੂੰ ਵਰਤਣ ਵਿਚ ਹੀ ਫ਼ੱਖ਼ਰ ਸਮਝਦੇ ਹਨ ਅਤੇ ਉਹਨਾਂ ਨੂੰ ਸਿੱਖੀ ਨਾਲ ਕੋਈ ਪਿਆਰ ਨਹੀਂ, ਕੇਵਲ ਆਪਣੀ ਚੌਧਰ ਬਣਾਉਣ ਦੀ ਚਿੰਤਾ ਹੀ ਲੱਗੀ ਰਹਿੰਦੀ ਹੈ।)

(1) ਦੋਹਾਂ ਦਲਾਂ ਦੇ ਨਿਯਮ ਇਸ ਪ੍ਰਕਾਰ ਮਿੱਥੇ ਗਏ:

1. ਜੋ ਵੀ ਮਾਇਆ ਕਿਤੋਂ ਪ੍ਰਾਪਤ ਹੋਵੇ, ਉਹ ਖ਼ਾਲਸੇ ਦੇ ਸਾਂਝੇ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਈ ਜਾਵੇ
2. ਦੋਹਾਂ ਜੱਥਿਆਂ ਦੇ ਗੁਰਸਿੱਖਾਂ ਦੀ ਹਥਿਆਰਾਂ, ਘੋੜਿਆਂ ਅਤੇ ਸ਼ਸਤਰਾਂ ਦੀ ਲੋੜ ਇਸ ਖ਼ਜ਼ਾਨੇ ਵਿਚੋਂ ਪੂਰੀ ਕੀਤੀ ਜਾਵੇ।
3. ਦੋਹਾਂ ਜੱਥਿਆਂ ਦਾ ਲੰਗਰ ਇਕੋ ਸਥਾਨ ਤੇ ਤਿਆਰ ਹੋਵੇ।
4. ਆਪਣੇ ਜੱਥੇਦਾਰ ਦਾ ਹੁਕਮ ਮੰਨਣਾ ਹਰ ਇਕ ਸਿੰਘ ਦਾ ਮੁਖੀ ਫ਼ਰਜ਼ ਹੋਵੇਗਾ।
5. ਜਿਹੜਾ ਸਿੰਘ ਘਰ ਜਾਵੇ ਜਾਂ ਸਬੰਧੀਆਂ ਨੂੰ ਮਿਲਣ ਜਾਵੇ ਉਹ ਜੱਥੇਦਾਰ ਦੀ ਆਗਿਆ ਲੈ ਕੇ ਜਾਵੇ ਅਤੇ ਵਾਪਸ ਆਕੇ ਹਾਜ਼ਰੀ ਦੇਵੇ।

ਇਸ ਸਮੇਂ ਸਿੰਘਾਂ ਦਾ ਜੀਵਨ ਇਸ ਪ੍ਰਕਾਰ ਦਾ ਸੀ ਕਿ ਲੰਗਰ ਸਾਂਝਾ ਸੀ ਅਤੇ ਨਾਲ ਹੀ ਦੁਖ-ਦੁਖ ਵੀ ਸਭ ਦਾ ਸਾਂਝਾ ਹੋ ਗਿਆ ਸੀ। ਇਕ ਦੀ ਖ਼ੁਸ਼ੀ ਸਭ ਦੀ ਖ਼ੁਸ਼ੀ ਸੀ। ਇਕ ਨੂੰ ਕੰਡਾ ਚੁਭਦਾ ਦਾ ਸੀ, ਸਾਰੀ ਕੌਮ ਦਾ ਮਨ ਪੀੜ ਨਾਲ ਤੜਪ ਪੈਂਦਾ ਸੀ। ਇਹ ਦੋਵੇਂ ਦਲ ਇਕ ਸਾਂਝੇ ਭਾਂਈਚਾਰੇ ਅਤੇ ਇਕੋ ਪਰਵਾਰ ਵਾਂਗ ਜੀਵਨ ਬਿਤਾਣ ਲੱਗੇ।

ਜਦ ਤਰੁਨਾ ਦਲ ਦੀ ਗਿਣਤੀ 12●●● ਤੋਂ ਵਧ ਗਈ ਤਾਂ ਨਵਾਬ ਕਪੂਰ ਸਿੰਘ ਨੇ ਸਾਰੇ ਮੁਖੀਆਂ ਦੀ ਇਕੱਤਰਤਾ ਬੁਲਾਕੇ ਇਕ ਤਜ਼ਵੀਜ਼ ਪੇਸ਼ ਕੀਤੀ ਕਿ ਦਲ ਦੇ ਸਿੰਘਾਂ ਦੀ ਗਿਣਤੀ ਹੁਣ ਵਧ ਗਈ ਹੈ, ਇਕ ਥਾਂ ਤੇ ਲੰਗਰ ਦੇ ਸਜਾਣ ਅਤੇ ਵਰਤਾਣ ਵਿਚ ਚੋਖਾ ਸਮਾਂ ਲੱਗ ਜਾਂਦਾ ਹੈ, ਇਸ ਲਈ ਵਿਚਾਰ ਪੇਸ਼ ਕੀਤਾ ਕਿ ਦਲ ਨੂੰ ਪੰਜ ਭਾਗਾਂ ਵਿਚ ਵੰਡ ਦਿਤਾ ਜਾਵੇ। ਸਾਂਝੇ ਕੌਮੀ ਭੰਡਾਰੇ ਵਿਚੋਂ ਰਸਦ ਲੈ ਕੇ ਹਰ ਇਕ ਜੱਥਾ ਆਪਣਾ ਲੰਗਰ ਤਿਆਰ ਕਰੇ। ਇਸ ਤਰ੍ਹਾਂ ਤਰੁਨਾ ਦਲ ਦੀ ਵੰਡ ਪੰਜ ਜਾਥਿਆਂ ਵਿਚ ਕੀਤੀ ਗਈ। ਇਹਨਾਂ ਦੇ ਮੁਖੀ ਸਨ: (1) ਬਾਬਾ ਦੀਪ ਸਿੰਘ, (2) ਸ: ਕਰਮ ਸਿੰਘ ਤੇ ਧਰਮ ਸਿੰਘ, (3) ਬਾਬਾ ਕਾਹਨ ਸਿੰਘ ਤੇ ਬਿਨੋਦ ਸਿੰਘ, (4) ਸ: ਦਸੌਂਧਾ ਸਿੰਘ ਅਤੇ (5) ਭਾਈ ਵੀਰ ਸਿੰਘ ਤੇ ਜੀਵਨ ਸਿੰਘ।

ਮਗਰੋਂ ਜਾ ਕੇ ਇਨ੍ਹਾਂ ਪੰਜਾਂ ਜੱਥਿਆਂ ਦੀਆਂ ਬਾਰ੍ਹਾਂ ਮਿਸਲਾਂ ਬਣਾਈਆਂ ਗਈਆਂ (ਮਿਸਲ ਅਰਬੀ ਦਾ ਸ਼ਬਦ ਹੈ, ਜਿਸ ਦਾ ਭਾਵ ਹੈ ਫਾਇਲ)

ਇਸ ਸਮੇਂ ਨਵਾਬ ਕਪੂਰ ਸਿੰਘ ਜੀ ਨੂੰ ਮਾਤਾ ਸੁੰਦਰ ਕੌਰ ਜੀ ਦਾ ਹੁਕਮ ਪੁੱਜਾ ਕਿ ਜੱਸਾ ਸਿੰਘ (ਆਹਲੂਵਾਲ) ਨੂੰ ਸਾਡਾ ਬੱਚਾ ਜਾਣ ਕੇ ਸਿੱਖਾਂ ਵਾਲੇ ਸਰਬ ਗੁਣਾਂ ਵਿਚ ਨਿਪੁੱਨ ਕਰ ਦੇਣਾ। ਸ: ਜੱਸਾ ਸਿੰਘ ਨੂੰ ਨਵਾਬ ਜੀ ਨੇ ਬਹੁਤ ਥੋੜ੍ਹੇ ਸਮੇਂ ਵਿਚ ਹਰ ਪੱਥੋਂ ਤਿਆਰ ਕਰ ਦਿਤਾ ਅਤੇ ਤੋਸੇਖਾਨੇ (ਭੰਡਾਰੇ) ਦੀਆਂ ਕੁੰਜੀਆਂ ਸੌਂਪ ਦਿਤੀਆਂ । ਸੰਨ 1733-34 ਵਿਚ ਖ਼ਾਲਸੇ ਨੂੰ ਜੋ ਸਮਾਂ ਮਿਲਿਆ, ਉਸ ਵਿਚ ਨਵਾਬ ਸ਼ਕਤੀਸ਼ਾਲੀ ਜੱਥੇਬੰਦੀ ਵਿਚ ਜੁੜ ਗਿਆ। ਬੁਢਾ ਦਲ ਦੇ ਪ੍ਰਚਾਰ ਸਦਕਾ ਹਜ਼ਾਰਾਂ ਨਵੇਂ ਪ੍ਰਾਣੀ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਵਿਚ ਰਲ ਗਏ। ਖ਼ਾਲਸੇ ਦੀ ਇਸ ਮਹਾਨ ਏਕਤਾ ਅਤੇ ਧਰਮ ਪ੍ਰਚਾਰ ਸਦਕਾ ਹਜ਼ਾਰਾਂ ਨਵੇਂ ਪ੍ਰਾਣੀ ਅੰਮ੍ਰਿਤ ਛਕ ਕੇ ਖ਼ਾਲਸਾ ਪੰੱਥ ਵਿਚ ਰਲ ਗਏ। ਖ਼ਾਲਸੇ ਦੀ ਇਸ ਮਹਾਨ ਏਕਤਾ ਅਤੇ ਧਰਮ ਪ੍ਰਚਾਰ ਨੂੰ ਵੇਖ ਕੇ ਜ਼ਕਰੀਆਂ ਖ਼ਾਨ ਸੜ ਗਿਆ । ਸੰਨ 1735 ਦੇ

ਅੱਧ ਵਿਚ ਲਾਹੌਰ ਦੀਹਕੂਮਤ ਨੇ ਬਿਨਾਂ ਕਿਸੇ ਕਾਰਨ ਦੇ, ਆਪਣੀ ਫ਼ੌਜ ਭੇਜ ਕੇ ਖ਼ਾਲਸੇ ਦੀ ਜਾਗੀਰ ਪਰ ਆਪਣਾ ਕਬਜ਼ਾ ਕਰ ਲਿਆ।

ਨਵਾਬ ਕਪੂਰ ਸਿੰਘ ਜੀ ਦੀ ਬੂਝ ਅਤੇ ਚੜ੍ਹਦੀ ਕਲਾ ਦਾ ਅੰਦਾਜ਼ਾ ਇਥੋਂ ਲਗ ਜਾਂਦਾ ਹੈ, ਕਿ ਉਹਨਾਂ ਕਿਹਾ ਕਿ ਹੁਣ ਇਹ ਛੋਟੀ ਜਿਹੀ ਜਾਗੀਰ ਖ਼ਾਲਸੇ ਲਈ ਕਾਫ਼ੀ ਨਹੀਂ ਹੈ, ਇਸ ਲਈ ਹੁਣ ਸਾਰਾ ਪੰਜਾਬ ਹੀ ਖ਼ਾਲਸੇ ਦੀ ਜਾਗੀਰ ਬਣੇਗੀ। ਆਪਣੇ ਜੱਥੇਦਾਰ ਦੇ ਇਹ ਵਾਕ ਸੁਣ ਕੇ ਸਰਬੱਤ ਖ਼ਾਲਸੇ ਨੇ ਖ਼ੁਸ਼ੀ ਨਾਲ ਹੁਕਮ ਨੂੰ ਮੰਨਣ ਦਾ ਵਚਨ ਦਿਤਾ।

ਜ਼ਕਰੀਆ ਖ਼ਾਨ ਨੇ 4000 ਸਵਾਰਾਂ ਦੀ ਗਸ਼ਤੀ ਫ਼ੌਜ ਖ਼ਾਲਸੇ ਦਾ ਖੁਰਾ ਖੋਜ ਮਿਟਾਉਣ ਲਈ ਭੇਜੀ, ਜਿਸ ਨੇ ਬਹੁਤ ਸਾਰੇ ਸਿੱਖਾਂ ਨੂੰ ਕਤਲ ਕੀਤਾ। ਫਿਰ ਪਰਗਨੇਦਾਰਾਂ, ਤਲੁਕੇਦਾਰਾਂ, ਕਾਨੂੰਗੋਆਂ ਪਿੰਡਾਂ ਦੇ ਚੌਧਰੀਆਂ, ਨੰਬਰਦਾਰਾਂ ਅਤੇ ਜਗੀਰਦਾਰਾਂ ਨੂੰ ਹਦਾਇਤਾਂ ਦਿਤੀਆਂ ਕਿ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਸਿੰਘਾਂ ਨੂੰ ਖ਼ਤਮ ਕਰ ਦਿਤਾ ਜਾਵੇ। ਉਸਨੇ ਕਿਹਾ ਕਿ ਜਿਹੜਾ ਬੰਦਾ ਕਿਸੇ ਸਿੱਖ ਦਾ ਸਿਰ ਪੇਸ਼ ਕਰੇਗਾ, ਉਸਨੂੰ 50 ਰੁਪਏ, ਜਿਹੜਾ ਕਿਸੇ ਸਿੱਖ ਨੂੰ ਜੀਉਂਦਾ ਫੜ ਕੇ ਹਾਜ਼ਰ ਕਰੇਗਾ ਉਸਨੂੰ ਵੀ 80 ਰੁਪਏ, ਜਿਹੜਾ ਸਿੱਖ ਦਾ ਪਤਾ ਦੱਸੇਗਾ ਉਸਨੂੰ 10 ਰੁਪਏ ਅਤੇ ਜਿਹੜਾ ਪਕੜਾਏਗਾ ਉਸਨੂੰ 15 ਰੁਪਏ ਇਨਾਮ ਦਿਤਾ ਜਾਵੇਗਾ। ਸਿੱਖਾਂ ਦੇ ਘਰ-ਘਾਟ ਲੁੱਟਣ ਵਾਲੇ ਨੂੰ ਕੁਝ ਨਹੀਂ ਕਿਹਾ ਜਾਵੇਗਾ। ਜੇ ਕੋਈ ਸਿੱਖ ਨੂੰ ਅਨਾਜ ਵੇਚੇਗਾ ਜਾਂ ਰੋਟੀ ਦੇਵੇਗਾ ਉਸਨੂੰ ਵੀ ਸਖਤ ਸਜ਼ਾ ਦਿਤੀ ਜਾਵੇਗੀ।

ਇਹ ਸਮਾਂ ਇਤਨਾ ਭਿਆਨਕ ਸੀ ਕਿ ਸਿੰਘ ਕੁਝ ਸਮੇਂ ਲਈ ਪੰਜਾਬ ਛੱਡ ਕੇ ਮੁੜ ਜੰਗਲਾਂ, ਪਹਾੜਾਂ, ਖੱਡਾਂ, ਝੱਲਾਂ ਤੇ ਮਾਲਵੇ ਅਤੇ ਬੀਕਾਨੇਰ ਦੇ ਰੇਤਲਿਆਂ ਥਲਾਂ ਵਲ ਨਿਕਲ ਗਏ। ਹਿੰਦੂਆਂ ਵਿਚੋਂ ਜਦ ਕਿਸੇ ਦਾ ਪੁਤਰ ਸਿੰਘ ਸਜ ਜਾਂਦਾ ਤਾਂ ਉਹ ਆਪਣੇ ਪੁਤਰਾਂ ਦੀ ਗਿਣਤੀ ਜੇ ਚਾਰ ਹੋਵੇ ਤਾਂ ਤਿੰਨ ਦਸਦਾ, ਕਿਉਂਕਿ ਉਹ ਮਹਿਸੂਸ ਕਰਦਾ ਸੀ ਕਿ ਚੌਥੇ ਨੇ ਅੱਜ ਜਾਂ ਕੱਲ੍ਹ ਸ਼ਹੀਦ ਹੋ ਜਾਣਾ ਹੈ।

ਇਸ ਸਮੇਂ ਨਵਾਬ ਕਪੂਰ ਸਿੰਘ, ਸਣੇ 800 ਸਿੰਘਾਂ ਦੇ ਜੱਥੇ ਦੇ ਬਾਬਾ ਆਲਾ ਸਿੰਘ, ਬਾਨੀ ਰਿਆਸਤ ਪਟਿਆਲਾ ਪਾਸ ਜਾ ਰਹੇ। ਮਹਾਰਾਜੇ ਨੇ 'ਠੀਕਰੀ ਵਾਲੇ' ਇਨ੍ਹਾਂ ਦਾ ਡੇਰਾ ਕਰਵਾਇਆ। ਇਸ ਸਮੇਂ ਬਾਬਾ ਆਲਾ ਸਿੰਘ ਨੇ ਗੁਰਸਿੱਖ ਭਾਈਆਂ ਦੀ ਬਹੁਤ ਸੇਵਾ ਕੀਤੀ। ਨਵਾਬ ਸਾਹਿਬ ਨੂੰ

ਖਿੰਡੇ ਹੋਏ ਖ਼ਾਲਸਾ ਨੂੰ ਜਥੇਬੰਦ ਕਰਨ ਅਤੇ ਚੜ੍ਹਦੀ ਕਲਾ ਵਿਚ ਰੱਖਣ ਹਿੱਤ ਦੂਰ ਦੂਰ ਤਕ ਸਫਰ ਕਰਨਾ ਪੈਂਦਾ ਰਿਹਾ।

ਇਹ ਇੰਨਾ ਕਹਿਰ ਦਾ ਸਮਾਂ ਸੀ ਕਿ ਹਕੂਮਤ ਵੱਲੋਂ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਬੜੇ ਭਿਆਨਕ ਕਸ਼ਟ ਦਿਤੇ ਜਾਂਦਾ ਸੀ। ਚਰਖੀਆਂ ਪਰ ਚੜ੍ਹਨ ਵਾਲਿਆਂ ਦੇ ਹੱਡ ਚੂਰ ਚੂਰ ਹੋ ਜਾਂਦੇ ਸਨ, ਸਰੀਰ ਦੇ ਜੋੜ ਖੁੱਲ੍ਹ ਜਾਂਦੇ ਸਨ, ਅਤੇ ਮਾਸ ਬੋਟੀ ਬੋਟੀ ਹੋਕੇ, ਹੱਡਾਂ ਤੋਂ ਵੱਖ ਹੋ ਜਾਂਦਾ ਸੀ। ਕਈਆਂ ਨੂੰ ਜੀਉਂਦੇ ਜੀਅ ਅਧਾ ਧੜ ਧਰਤੀ ਵਿਚ ਦੱਬ ਦਿਤਾ ਜਾਂਦਾ ਅਤੇ ਉਪਰਲਾ ਭਾਗ ਤੋਪ ਨਾਲ ਉਡਾਇਆ ਜਾਂਦਾ ਸੀ, ਲਾਹੌਰ ਬਜ਼ਾਰਾਂ ਦੇ ਚੌਕਾਂ ਵਿਚ, ਸਿੰਘਣੀਆਂ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦਿਆਂ ਬੱਚਿਆਂ ਦੇ ਪੇਟ ਛੁਰਿਆਂ ਨਾਲ ਚੀਰ ਕੇ ਅਤੇ ਆਂਦਰਾਂ ਕਢਕੇ ਉਨ੍ਹਾਂ ਦੇ ਗਲਾਂ ਵਿਚ ਪਾਈਆਂ ਜਾਂਦੀਆਂ ਸਨ। ਕਈਆਂ ਦੀਆਂ ਅੱਖਾਂ ਵਿਚ ਨਸ਼ਤਰ-ਮਾਰ ਕੇ ਡੇਲੇ ਕੱਢ ਦਿਤੇ ਜਾਂਦੇ ਸਨ। ਕਈਆਂ ਦੇ ਸਿਰ ਮੁੰਗਲੀਆਂ ਮਾਰ ਮਾਰ ਕੇ ਚੂਰ ਕਰ ਦਿਤੇ ਜਾਂਦੇ ਸਨ। ਕਈਆਂ ਦੇ ਪੈਰਾਂ ਵਿਚ ਰੱਸੇ ਪਾ ਕੇ ਘੋੜਿਆਂ ਪਿਛੇ ਬੰਨ੍ਹ ਦਿਤਾ ਜਾਂਦਾ ਅਤੇ ਘੋੜਿਆਂ ਨੂੰ ਚਾਬਕਾਂ ਲਾ ਕੇ ਭਜਾਇਆ ਜਾਂਦਾ। ਜ਼ਮੀਨ ਨਾਲ ਘਸਰ ਘਸਰ ਕੇ ਜ਼ੰਜੀਰ ਨਾਲ ਦੇ ਹਾਥੀਆਂ ਨਾਲ ਬੰਨ੍ਹ ਦਿਤਾ ਜਾਂਦਾ ਅਤੇ ਇਕ ਹਾਥੀ ਨੂੰ ਇਕ ਪਾਸੇ, ਦੂਜੇ ਨੂੰ ਦੂਜੇ (ਉਲਟੇ) ਪਾਸੇ ਵੱਲ ਹੱਕਿਆ ਜਾਂਦਾ। ਇੰਝ ਸਿੰਘਾਂ ਦਾ ਸਰੀਰ ਦੋ ਫਾੜ ਕੀਤਾ ਜਾਂਦਾ।

ਇਹ ਭਿਆਨਕ ਅਤਿਆਚਾਰ ਹਕੂਮਤ ਵੱਲੋਂ ਸਿੰਘਾਂ ਉਪਰ ਇਸ ਲਈ ਕੀਤੇ ਜਾਂਦੇ, ਤਾਂਕਿ ਜਨਤਾ ਡਰ ਕੇ ਸਿੱਖ ਬਣਨ ਦਾ ਹੌਂਸਲਾ ਨਾ ਕਰ ਸਕੇ, ਪਰ ਫਿਰ ਵੀ ਸਿੰਘਾਂ ਦੀ ਗਿਣਤੀ ਵਧਦੀ ਹੀ ਗਈ। ਨਵਾਬ ਸਾਹਿਬ ਦੀ ਅਗਵਾਈ ਹੇਠ ਖ਼ਾਲਸਾ ਇੰਨੇ ਭਿਆਨਕ ਦੇ ਅਸਹਿ ਕਸ਼ਟਾਂ ਨੂੰ ਖ਼ੁਸ਼ੀ ਸਹਾਰਦਾ ਹੋਇਆ ਬੜੇ ਸਬਰ ਤੇ ਸ਼ੁਕਰ ਨਾਲ ਸਾਰੀਆਂ ਸਖਤੀਆਂ ਝੱਲਦਾ ਰਿਹਾ ਅਤੇ ਕਿਸੇ ਵੀ ਸਿੰਘ ਜਾਂ ਸਿੰਘਣੀ ਨੇ ਹਾਏ ਤਕ ਨਹੀਂ ਕੀਤੀ। ਇਹ ਸਾਰਾ ਕੁਝ ਇਸ ਸਰਬ ਗੁਣ ਨਿਪੁੰਨ ਆਗੂਦੇ ਸਦਕਾ ਹੀ ਹੋ ਸਕਿਆ, ਜਿਸ ਦਾ ਆਚਰਨ ਦੇ ਕਰਨੀ ਬੇਮਿਸਾਲ ਸੀ। ਇਹਨਾਂ ਗੁਣਾਂ ਦੇ ਅਸਰ ਹੇਠ ਸਾਰੇ ਪੰਥ ਦੀ ਰਹਿਣੀ, ਬੋਲੀ ਤੇ ਨਾਉਂ ਆਦਿ ਸਭ ਕੁਝ ਬਦਲ ਕੇ ਨਵਾਂ ਰੂਪ ਦੇ ਦਿੱਤਾ। ਇਸ ਵਿਚ ਦੀਵਾਨ ਦਰਬਾਰਾ ਸਿੰਘ ਦੀ ਅਗਵਾਈ ਦਾ ਵੀ ਵੱਡਾ ਹਿੱਸਾ ਸੀ।

ਹਕੂਮਤ ਨੇ ਖ਼ਾਲਸੇ ਦੇ ਲੰਗਰ ਬੰਦ ਕਰ ਦਿਤੇ। ਖ਼ਾਲਸੇ ਨੇ ਲੰਗਰ ਨੂੰ ਮਸਤਾਨਾ ਕਹਿ ਦਿਤਾ।। ਜੇ ਬਦਾਮ ਨ ਮਿਲੇ ਤਾਂ ਛੋਲਿਆਂ ਨੂੰ ਬਦਾਮ, ਉਬਲੇ ਪੱਤਿਆਂ ਨੂੰ ਸਬਜ਼ ਪਲਾਓ ਕਹਿ ਕੇ ਆਤਮਹੀਣਤਾ ਨੂੰ ਪਰੇ ਹੀ ਰਹਿਣ ਦਿਤਾ। ਖ਼ਾਲਸਾ ਮੁਸੀਬਤਾਂ ਤੇ ਮੌਤ ਨਾਲ ਮਸਖ਼ਰੀਆਂ ਕਰਦਾ ਰਿਹਾ ਅਤੇ ਫ਼ਤਹਿ ਉਪਰ ਫ਼ਤਹਿ ਪਾਉਂਦਾ ਰਿਹਾ।

ਇਹਨਾਂ ਦਿਨਾਂ ਵਿਚ ਹੀ ਲਾਹੌਰ ਹਕੂਮਤ ਨੂੰ ਜ਼ਲੀਲ ਕਰਨ ਲਈ ਅਤੇ ਖ਼ਾਲਸੇ ਦਾ ਤੇਜ਼ ਪ੍ਰਤਾਪ ਦੱਸਣ ਲਈ ਇਕ ਕੌਤਕ ਰਚਿਆ ਗਿਆ। ਨਵਾਬ ਜੀ ਨੇ ਆਪਣੇ ਨਾਲ 2● ਸੂਰਬੀਰ ਸਿੰਘ ਲੈ ਲਏ ਅਤੇ ਬਾਕੀ ਖ਼ਾਲਸੇ ਨੂੰ ਸ਼ਾਲਾਮਾਰ ਬਾਗ ਦੇ ਪਾਸ ਛੱਡਿਆ। ਨਵਾਬ ਜੀ ਬੇਖ਼ੌਫ਼ ਲਾਹੌਰ ਵਿਚ ਜਾ ਵੜੇ ਅਤੇ ਜੋ ਵੀ ਰਾਹ ਰੋਕਣ ਲਈ ਵਧਿਆ, ਉਸਨੂੰ ਪਾਰ ਬੁਲਾ ਦਿਤਾ। ਨਵਾਬ ਸਾਹਿਬ ਸਿੱਧੇ ਕੋਤਵਾਲੀ ਜਾ ਪੁੱਜੇ । ਇਥੇ ਝੱਟ ਘੋੜੇ ਤੋਂ ਛਲਾਂਗ ਮਾਰ ਕੇ ਉਤਰੇ ਅਤੇ ਚਾਣਚੱਕ ਹਥਿਆਰ ਘਰ ਪੁਰ ਜਾ ਕੋਤਵਾਲ ਦੀ ਗੱਦੀ ਪਰ ਜਾ ਬਿਰਾਜੇ। ਅਸਲ ਕੋਤਵਾਲ ਨੂੰ ਹੁਕਮ ਦਿਤਾ, "ਜਿਤਨੇ ਕੈਦੀ ਹਨ, ਉਹਨਾਂ ਨੂੰ ਰਿਹਾਅ ਕਰ ਦਿਤਾ ਜਾਵੇ, ਸਾਰਾ ਖ਼ਜ਼ਾਨਾ ਸਿੰਘਾਂ ਨੂੰ ਹਾਜ਼ਰ ਕੀਤਾ ਜਾਵੇ।" ਕੋਤਵਾਲ ਨੂੰ ਕਿਹਾ ਕਿ ਆਪਣੇ ਹਾਕਮਾਂ ਨੂੰ ਕਹਿਣਾ ਕਿ ਸਭ ਤੋਂ ਵੱਡੇ ਬਾਦਸ਼ਾਹ ਦਾ ਕੋਤਵਾਲ 'ਨਵਾਬ ਕਪੂਰ ਸਿੰਘ' ਆਇਆ ਸੀ ਅਤੇ ਉਸ ਦੇ ਹੁਕਮ ਨਾਲ ਸਭ ਦੀ ਰਿਹਾਈ ਕੀਤੀ ਗਈ ਹੈ, ਜੋ ਕੁਝ ਉਸ ਨੂੰ ਚਾਹੀਦਾ ਸੀ, ਲੈ ਗਿਆ ਹੈ। ਇਹ ਸਾਰਾ ਕਰਤੱਵ, ਆਪ ਨੇ ਬਹੁਤ ਥੋੜ੍ਹੇ ਸਮੇਂ ਵਿਚ ਇਤਨੀ ਫੁਰਤੀ ਨਾਲ ਸਿਰੇ ਚਾੜ੍ਹਿਆਂ ਕਿ ਵੱਲੋ ਕਰਮਚਾਰੀਆਂ ਨੂੰ ਖ਼ਬਰ ਮਿਲਣ ਅਤੇ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਆਪ ਅਲੋਪ ਹੋ ਗਏ।।

ਇਸ ਉਪਰੰਤ ਨਵਾਬ ਜੀ ਮਾਲਵੇ ਵੱਲ ਚਲੇ ਗਏ, ਜਿਥੇ ਬਾਬਾ ਆਲਾ ਸਿੰਘ ਨੇ ਬਹੁਤ ਸਤਿਕਾਰ ਨਾਲ ਸੇਵਾ ਕੀਤੀ ਅਤੇ ਗੁਰੂਦਾ ਦਸਵੰਧ, ਜੋ ਬਹੁਤ ਵੱਡੀ ਰਕਮ ਸੀ, ਪੇਸ਼ ਕੀਤਾ। ਇਸ ਸਮੇਂ ਬਾਬਾ ਆਲਾ ਸਿੰਘ ਜੀ ਨੇ ਨਵਾਬ ਜੀ ਦੇ ਜੱਥੇ ਪਾਸੋਂ ਅੰਮ੍ਰਿਤ ਪਾਨ ਕੀਤਾ। ਇਸ ਯਾਦ ਵਿਚ ਠੀਕਰੀ ਵਾਲੇ ਅਸਥਾਨ ਤੇ ਜਿਥੇ ਨਵਾਬ ਸਾਹਿਬ ਦਾ ਡੇਰਾ ਸੀ, ਇਕ ਪੱਕਾ ਖੂਹ ਤਿਆਰ ਕਰਵਾਇਆ, ਜੋ ਅੱਜ ਤਕ ਮੌਜੂਦ ਹੈ। ਨਵਾਬ ਕਪੂਰ ਸਿੰਘ ਜੀ ਦੀ ਮਦਦ ਨਾਲ ਬਾਬਾ ਆਲਾ ਸਿੰਘ ਨੇ ਸੁਨਾਮ ਅਤੇ ਹੋਰ ਇਲਾਕੇ ਦੇ ਰਈਸਾਂ ਦੀ ਸੁਧਾਈ ਕੀਤੀ ਅਤੇ ਪਟਿਆਲਾ ਰਾਜ ਨੂੰ ਬਹੁਤ ਵਧਾਇਆ।

ਫਿਰ ਨਵਾਬ ਕਪੂਰ ਸਿੰਘ ਜੀ ਨੇ ਜੱਥੇ ਸਮੇਤ ਗੁਰੂਮਾਰੀ ਸਰਹੰਦ ਵੱਲ ਰੁਖ ਕੀਤਾ। ਸਰਹੰਦ ਸ਼ਹਿਰ ਦਿੱਲੀ ਅਤੇ ਲਾਹੌਰ ਤੋਂ ਵੱਧ ਸ਼ਾਨਦਾਰ ਸੀ, ਅਤੇ ਲੰਘਦੇ, ਟਪਦੇ ਬਾਦਸ਼ਾਹ ਹਮੇਸ਼ਾਂ ਇਥੇ ਟਿਕਦੇ ਸਨ। ਇਸ ਗੁਰੂਮਾਰੀ ਸਰਹੰਦ ਨੂੰ ਪਹਿਲਾਂ ਸੰਨ 1710 ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸੋਧਿਆ ਸੀ। ਜਦ ਵੀ ਕੋਈ ਸਿੰਘ  ਸਰਹੰਦ ਵਿਚ ਹੋਈ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਕਰਦਾ ਹੈ, ਉਸਨੂੰ ਰੋਹ ਚੜ੍ਹ ਜਾਂਦਾ ਹੈ। ਇਸ ਸਮੇਂ ਨਵਾਬ ਜੀ ਨੇ ਖ਼ਾਲਸੇ ਨੂੰ ਸੰਬੋਧਨ ਕਰਕੇ ਆਖਿਆ: 'ਖ਼ਾਲਸਾ ਜੀ, ਸਾਡੀਆਂ ਅੱਖਾਂ ਸਾਹਮਣੇ ਉਹ ਘ੍ਰਿਣਤ ਕੰਧਾਂ ਹਨ ਜਿਨ੍ਹਾਂ ਵਿਚ ਦਸਮੇਸ਼ ਜੀ ਦੇ ਲਾਡਲੇ ਸਾਹਿਬਜ਼ਾਦਿਆਂ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਜ਼ਿੰਦਾ ਚਿਣ ਦਿਤਾ ਗਿਆ ਸੀ।'

ਨਵਾਬ ਜੀ ਦੀ ਇਸ ਰੋਹ ਭਰੀ ਵੰਗਾਰ ਨੇ  ਸਰਬੱਤ ਖ਼ਾਲਸੇ ਦੇ ਮਨਾਂ ਵਿਚ ਅੰਤਾਂ ਦਾ ਜੋਸ਼ ਭਰ ਦਿਤਾ ।ਉਹ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਵੈਰੀਆਂ ਦੇ ਗਲ ਜਾ ਪਏ। ਇਸ ਸਮੇਂ ਜੋ ਵੀ ਸਾਹਮਣੇ ਆਇਆ ਉਸ ਨੂੰ ਗਾਜਰ ਮੂਲੀ ਵਾਂਗ ਤੇਗ ਦੀ ਧਾਰ ਤੋਂ ਪਾਰ ਕਰ ਦਿਤਾ। ਸਰਹੰਦੀ ਫ਼ੌਜ ਵੀ ਬਹਾਦਰੀ ਨਾਲ ਲੜੀ, ਪਰ ਖ਼ਾਲਸੇ ਸਾਹਮਣੇ ਅੜਨਾ ਕੋਈ ਸੌਖੀ ਖੇਡ ਨਹੀਂ ਸੀ, ਫ਼ੌਜ ਦੇ ਸਿਪਾਹੀ ਮੈਦਾਨ ਛੱਡ ਕੇ ਨੱਸ ਗਏ। ਖ਼ਾਲਸੇ ਨੇ ਸ਼ਾਹੀ ਖ਼ਜ਼ਾਨਾ ਲੁੱਟਿਆ। ਗੁਰਦੁਆਰਿਆਂ ਦੀ ਉਸਾਰੀ ਕਰਕੇ ਤੇ ਬਾਬਾ ਆਲਾ ਸਿੰਘ ਪਾਸੋਂ ਵਿਦਾਇਗੀ ਲੈ ਕੇ ਸ੍ਰੀ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ। ਇਹ ਗੱਲ ਸੰਨ 1736 ਦੀ ਹੈ।

ਸਰਹੰਦ ਦੀ ਮਾਰ ਤੋਂ ਜ਼ਕਰੀਆ ਖਾਨ ਬਹੁਤ ਦੁਖੀ ਹੋਇਆ ਅਤੇ ਗੁੱਸਾ ਖਾ ਕੇ ਉਸਨੇ ਹੈਬਤ ਖਾਨ, ਦੀਵਾਨ ਲਖਪਤ ਰਾਇ, ਸਲਾਬਤ ਖਾਨ ਅਤੇ ਕੁਤਬਦੀਨ ਖਾਨ ਦੀ ਸਪੁਰਦਗੀ ਵਿਚ ਇਕ ਬਹੁਤ ਵੱਡੀ ਫ਼ੌਜ 'ਬਾਸਰਕੇ ਦੀ ਬੀੜ' ਵਿਚ ਭੇਜੀ ਜਿਥੇ ਬੁੱਢਾ ਦਲ ਨੇ ਡੇਰਾ ਕੀਤਾ ਹੋਇਆ ਸੀ। ਨਵਾਬ ਕਪੂਰ ਸਿੰਘ ਨੇ ਜਦ ਸ਼ਾਹੀ ਫ਼ੌਜ ਦਾ ਘੇਰਾ ਪੈਂਦਾ ਡਿਠਾ ਤਾਂ ਖ਼ਾਲਸੇ ਨੂੰ ਕਿਹਾ 'ਡਟ ਕੇ ਮੁਕਾਬਲਾ ਕਰੋ'। ਸਰਹੰਦ ਦਾ ਖ਼ਜ਼ਾਨਾ ਸ. ਜੱਸਾ ਸਿੰਘ ਆਹਲੂਵਾਲੀਆਂ ਦੇ ਹਵਾਲੇ ਕੀਤਾ ਅਤੇ ਕੁਝ ਕੁ ਸਿੰਘਾਂ ਨੂੰ ਮੁਕਾਬਲੇ ਵਾਸਤੇ ਰਹਿਣ ਦਿਤਾ, ਬਾਕੀਆਂ ਨੂੰ ਰਾਤੋਂ-ਰਾਤ ਖ਼ਜ਼ਾਨਾ ਲੈ ਜਾਣ ਵਾਸਤੇ ਜੱਸਾ ਸਿੰਘ ਨਾਲ ਭੇਜਿਆ। ਰਾਤ ਦੇ ਹਨੇਰੇ ਵਿਚ ਸ: ਜੱਸਾ ਸਿੰਘ ਦੁਸ਼ਮਣ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਨਿਕਲ ਗਿਆ। ਇੱਧਰ ਨਵਾਬ ਕਪੂਰ ਸਿੰਘ ਨੇ ਦੁਸ਼ਮਣ ਨੂੰ ਆਪਣੀ ਤਰਫ ਉਲਝਾਈ

ਰਖਿਆ। ਜਦ ਖ਼ਜ਼ਾਨਾ ਕਾਫੀ ਦੂਰ ਨਿਕਲ ਗਿਆ ਤਾਂ ਖ਼ਾਲਸਾ ਬੜੀ ਜੁਗਤੀ ਨਾਲ ਲੜਦਾ, ਪਿਛੇ ਹਟਿਆ; ਜਦ ਬਹੁਤ ਦੂਰ ਨਿਕਲ ਆਏ ਤਾਂ ਦੁਸ਼ਮਣ ਘਬਰਾ ਕੇ ਵਾਪਸ ਮੁੜ ਪਿਆ।

ਬੁੱਢਾ ਦਲ ਇਸ ਸਮੇਂ ਖੇਮਕਰਨ ਪੁੱਜ ਚੁਕਾ ਸੀ, ਅਤੇ ਮੁਗਲਾਂ ਦੀ ਫ਼ੌਜ ਕਾਫ਼ੀ ਮਾਰ ਖਾ ਕੇ, ਢੇਰੀ ਢਾਹ ਬੈਠੀ ਸੀ ਕਿ ਸਮੱਦ ਖਾਨ ਤਹਿਤ ਲਾਹੌਰ ਤੋਂ ਹੋਰ ਫ਼ੌਜ ਆ ਗਈ। ਇਧਰ ਨਵਾਬ ਕਪੂਰ ਸਿੰਘ ਨੇ ਯੁਧ ਸ਼ੁਰੂਹੋਣ ਸਮੇ ਇਕ ਦੋ ਸਵਾਰ ਤਰੁਨਾ ਦਲ ਵੱਲ ਭੇਜ ਦਿਤੇ ਸਨ, ਜੋ ਮਾਝੇ ਵਿਚ ਹੀ ਵਿਚਰ ਰਿਹਾ ਸੀ। ਜਦ ਨਵਾਬ ਕਪੂਰ ਸਿੰਘ ਨੂੰ ਖਬਰ ਮਿਲੀ ਕਿ ਲਾਹੌਰ ਦੀ ਫ਼ੌਜ ਫਿਰ ਆ ਰਹੀ ਹੈ, ਤਾਂ 'ਹੁਜਰਾ ਸ਼ਾਹ' ਜਾ ਮੁਕਾਮ ਕੀਤਾ। ਇਧਰ ਤਰੁਨਾ ਦਲ ਵੀ ਰਾਤ ਨੂੰ ਪਹੁੰਚ ਗਿਆ। ਇਸ ਸਥਾਨ ਤੇ ਰਾਤੋ-ਰਾਤ ਖਾਈਆਂ ਆਦਿ ਤਿਆਰ ਕਰਕੇ ਖ਼ਾਲਸਾ ਸ਼ਾਹੀ ਫ਼ੌਜ ਦੀ ਉਡੀਕ ਕਰਨ ਲੱਗਾ। ਜਦ ਸ਼ਾਹੀ ਫ਼ੌਜ ਆ ਪਹੁੰਚੀ ਤਾਂ ਸਿੰਘਾਂ ਨੇ ਸੁਰੰਗਾਂ ਵਿਚੋਂ ਰਾਮਜੰਗੇ (ਬੰਦੂਕਾਂ) ਚਲਾ ਦਿਤੀਆਂ । ਤੀਜੇ ਪਹਿਰ ਤਕ ਭਿਆਨਕ ਜੰਗ ਹੋਈ, ਪਰ ਕੋਈ ਨਤੀਜਾ ਹਾਰ ਜਿੱਤ ਦਾ ਨਾ ਨਿਕਲਿਆ। ਹੁਣ ਨਵਾਬ ਕਪੂਰ ਸਿੰਘ ਨੇ 200 ਚੰਗੇ ਤਕੜੇ ਸੂਰਮੇ ਨਾਲ ਲਏ ਅਤੇ ਬਿਜਲੀ ਵਾਂਗ ਮੁਗਲ ਫ਼ੌਜ ਦੇ ਆਗੂਆਂ ਉਤੇ ਟੁੱਟ ਪਿਆ। ਪਲਾਂ ਵਿਚ ਹੀ, ਫ਼ੌਜ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਫ਼ੌਜ ਵਿਚੋਂ ਚੁਣ ਚੁਣ ਕੇ ਮਾਰਿਆ । ਇਸ ਸੰਗਰਾਮ ਵਿਚ ਦੁਨੀ ਚੰਦ, ਲਖਪਤ ਰਾਏ ਦਾ ਭਤੀਜਾ ਤੇ ਜਸਪਤ ਦਾ ਪੁੱਤਰ ਮਾਰਿਆ ਗਿਆ। ਹੋਰ ਆਗੂਆਂ ਵਿਚੋਂ ਜਮਾਲ ਖ਼ਾਨ, ਤਾਤਾਰ ਖ਼ਾਨ ਆਦਿ, ਲੋਥਾਂ ਵਿਚੋਂ ਪਛਾਣੇ ਗਏ। ਇਹ ਲੜਾਈ ਸੰਨ 1736 ਵਿਚ ਹੋਈ।

ਹੁਣ ਖ਼ਾਨ ਬਹਾਦਰ ਘਬਰਾ ਗਿਆ। ਉਸਨੇ ਚੋਣਵੇਂ ਸਲਾਹਕਾਰਾਂ ਦਾ ਇਕੱਠ ਕੀਤਾ ਅਤੇ ਉਹਨਾਂ ਸਾਹਮਣੇ ਮਾਯੂਸ ਹੋ ਕੇ ਕਹਿਣ ਲੱਗਾ ਕਿ ਸਿੱਖਾਂ ਨੂੰ ਮੁਕਾਣ ਵਿਚ ਕੋਈ ਤਰੀਕਾ ਵੀ ਕੰਮ ਨਹੀਂ ਆ ਰਿਹਾ, ਹੁਣ ਕੀ ਕੀਤਾ ਜਾਏ? ਕਾਜੀ ਅਬਦੁਲ ਰਹਿਮਾਣ ਨੇ ਕਿਹਾ ਕਿ ਸਿੱਖਾਂ ਦੇ ਗੁਰੂਆਂ ਨੇ ਅੰਮ੍ਰਿਤਸਰ ਦੇ ਸਰੋਵਰ ਵਿਚ ਆਬਿ-ਹਯਾਤ ਪਾਇਆ ਹੈ, ਇਸ ਲਈ ਇਹ ਉਸ ਵਿਚ ਨ੍ਹਾਉਂਦੇ ਹਨ ਤੇ ਉਸਦਾ ਪਾਣੀ ਪੀ ਕੇ ਅਮਰ ਹੋ ਜਾਂਦੇ ਹਨ। ਇਸ ਲਈ ਇਹ ਫ਼ੈਸਲਾ ਕੀਤਾ ਗਿਆ ਕਿ ਅੰਮ੍ਰਿਤਸਰ ਉਤੇ ਪਹਿਰਾ ਲਗਾ ਦਿਤਾ ਜਾਵੇ ਤਾਂ ਕਿ ਕੋਈ ਸਿੱਖ ਉਧਰ ਨਾ ਜਾ ਸਕੇ। ਅੰਮ੍ਰਿਤਸਰ ਦੇ ਸਾਰੇ ਸਿੱਖ ਸ਼ਹੀਦ ਕਰ ਦਿਤੇ ਜਾਣ ਅਤੇ ਹਰਿਮੰਦਰ ਸਾਹਿਬ ਉਤੇ ਫ਼ੌਜ ਬਿਠਾ ਦਿਤੀ ਜਾਏ।

ਕਾਜ਼ੀ ਅਬਦੁਲ ਰਹਿਮਾਨ ਨੇ ਬੜ੍ਹਕ ਮਾਰੀ ਕਿ ਹੁਣ ਸਿੰਘ, ਜੋ ਸ਼ੇਰ ਕਹਿਲਾਉਂਦੇ ਹਨ, ਮੇਰੀ ਮੌਜੂਦਗੀ ਵਿਚ ਇਥੇ ਨ੍ਹਾਉਣ ਨਹੀਂ ਆ ਸਕਦੇ। ਇਸ ਗੱਲ ਦਾ ਪਤਾ ਜਦ ਨਵਾਬ ਕਪੂਰ ਸਿੰਘ ਨੂੰ ਲੱਗਾ ਤਾਂ ਉਸ ਨੇ ਚੋਣਵੇਂ ਸਿੰਘ ਨਾਲ ਲਏ ਅਤੇ ਹੁਕਮ ਕੀਤਾ ਕਿ ਭਾਵੇਂ ਸੀਸ ਚਲਾ ਜਾਵੇ, ਅੰਮ੍ਰਿਤਸਰ ਇਸ਼ਨਾਨ ਜ਼ਰੂਰ ਕਰਨਾ ਹੈ। ਇਵੇਂ ਹੀ ਕੀਤਾ ਗਿਆ। ਦੋ ਦਿਨ ਬਾਅਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਅਤੇ ਭਾਈ ਥੱਰਾਜ ਸਿੰਘ (ਭਾਈ ਮਨੀ ਸਿੰਘ ਦਾ ਭਤੀਜਾ) ਅੰਮ੍ਰਿਤਸਰ ਆਏ ਅਤੇ ਸਰੋਵਰ ਵਿਚ ਟੁਭੇ ਲਾਏ। ਇਹਨਾਂ ਯੁਰਮਿਆਂ ਨੇ ਨਾਂ ਕੇਵਲ ਨਿਰਭੈ ਹੋ ਕਿ ਇਸ਼ਨਾਨ ਕੀਤਾ ਬਲਕਿ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਸਭ ਨੂੰ ਇਹ ਦੱਸ ਗਏ ਕਿ ਖ਼ਾਲਸਾ ਆਪਣੇ ਗੁਰ-ਅਸਥਾਨ ਉਤੇ ਹਰ ਕੀਮਤ ਤੇ ਪਹੁੰਚਦਾ ਹੈ। ਫਿਰ ਝੱਟ ਘੋੜਿਆਂ ਉਪਰ ਗੁਰ-ਅਕਾਲ' ਦੇ ਜੈਕਾਰਿਆਂ ਨਾਲ ਸਭ ਨੂੰ ਇਹ ਦੱਸ ਗਏ ਕਿ ਖ਼ਾਲਸਾ ਆਪਣੇ ਗੁਰ-ਅਸਥਾਨ ਉਤੇ ਹਰ ਕੀਮਤ ਤੇ ਪਹੁੰਚਦਾ ਹੈ। ਫਿਰ ਝੱਟ ਘੋੜਿਆਂ ਉਪਰ ਪਲਾਕੀਆਂ ਮਾਰ ਕੇ ਸਵਾਰ ਹੋ ਗਏ ਅਤੇ ਦੇਖਦੇ ਹੀ ਦੇਖਦੇ ਆਪਣੇ ਜੱਥੇ ਵਿਚ ਜਾ ਮਿਲੇ। ਜਦ ਪਹਿਰੇਦਾਰਾਂ ਨੇ ਪਿਛਾ ਕੀਤਾ ਤਾਂ ਅੱਗੋਂ ਖ਼ਾਲਸਾ ਤਿਆਰ ਖੜ੍ਹਾ ਸੀ। ਇਸ ਹਮਲੇ ਵਿਚ ਕਾਜ਼ੀ ਅਬਦੁਲ ਰਹਿਮਾਨ ਆਪ ਵੀ ਸੀ। ਜਦ ਸਿੰਘਾਂ ਨੂੰ ਇਸ ਦਾ ਪਤਾ ਲਗਾ ਤਾਂ ਉਨ੍ਹਾਂ ਦੇ ਜੋਸ਼ ਦਾ ਹੱਦ ਬੰਨਾ ਨਾ ਰਿਹਾ। ਥੋੜ੍ਹੇ ਹੀ ਸਮੇਂ ਵਿਚ ਕਾਜ਼ੀ ਨੂੰ ਲੱਭ ਲਿਆ ਗਿਆ। ਉਸਦੀ ਹੱਡੀ-ਬੋਟੀ ਵੱਖ ਵੱਖ ਕਰ ਦਿਤੀ ਗਈ। ਜਦ ਕਾਜ਼ੀ ਦਾ ਪੁੱਤਰ ਬਦਲਾ ਲੈਣ ਲਈ ਅੱਗੇ ਵਧਿਆ ਤਾਂ ਉਸਨੂੰ ਵੀ ਪਿਉ ਦੇ ਨਾਲ ਹੀ ਦੋਜ਼ਕ ਵਿਚ ਭੇਜ ਦਿਤਾ ਗਿਆ। ਕੰਮ ਪੂਰਾ ਕਰਨ ਉਪਰੰਤ ਖ਼ਾਲਸਾ ਬਿਜਲੀ ਦੀ ਲਿਸ਼ਕਾਰ ਵਾਂਗ ਘੋੜੇ ਉਡਾ ਕੇ ਨਿਕਲ ਗਿਆ।

ਹੁਣ ਜਦ ਖ਼ਾਨ ਬਹਾਦਰ ਨੂੰ ਪਤਾ ਲੱਗਾ ਕਿ ਖ਼ਾਲਸਾ ਭੇਸ ਬਦਲ ਕੇ ਉਸ ਦੀ ਭਾਲ ਵਿਚ ਹੈ, ਤਾਂ ਉਹ ਦਿਨ ਰਾਤ ਕਿਲ੍ਹੇ ਦੇ ਅੰਦਰ ਕਰੜੇ ਪਹਿਰੇ ਵਿਚ ਰਹਿਣ ਲੱਗ ਪਿਆ। ਇਧਰੋਂ ਇਕ ਵੱਡੀ ਫ਼ੌਜ ਸਮੱਦ ਖ਼ਾਨ ਦੀ ਸਰਦਾਰੀ ਵਿਚ ਨਵਾਬ ਕਪੂਰ ਸਿੰਘ ਦੀ ਭਾਲ ਵਿਚ ਤੋਰੀ। ਮਾਣਕ ਦੇ ਮੁਕਾਮ ਪੁਰ ਸ਼ਾਹੀ ਫ਼ੌਜ ਦਾ ਬੁੱਢੇ ਦਲ ਨਾਲ ਟਾਕਰਾ ਹੋ ਪਿਆ। ਇਸ ਸਮੇਂ ਨਵਾਬ ਕਪੂਰ ਸਿੰਘ ਨੇ ਜੋ ਯੁੱਧ ਨੀਤੀ ਵਰਤੀ ਉਹ ਕਮਾਲ ਦੀ ਸੀ। ਇਕ ਤਕੜੇ ਜੱਥੇ ਨੂੰ ਤੁਰਕਾਣੀ ਭੇਸ ਵਿਚ 'ਸੈਦ ਖ਼ਾਨ ਸਿਆਲ ਦੀ ਗੜ੍ਹੀ', ਜਿਸ ਵਿਚ ਸਿੱਖਾਂ ਵਿਰੁਧ ਵਰਤਣ ਲਈ ਬਹੁਤ ਸਾਰਾ ਦਾਰੂਸਿਕਾ ਇਕੜ੍ਹ ਕਰ ਰਖਿਆ ਹੋਇਆ ਸੀ, ਵੱਲ ਭੇਜਿਆ। ਉਸ ਜੱਥੇ ਦੇ ਆਗੂਨੇ ਸੈਦ ਖ਼ਾਨ ਨੂੰ ਕਿਹਾ ਕਿ ਸ਼ਾਹੀ ਫ਼ੌਜ ਨੇ ਸਿੰਘਾਂ ਨੂੰ

ਘੇਰੇ ਵਿਚ ਲਿਆ ਹੋਇਆ ਹੈ, ਆਪ ਸੈਨਾ ਸਮੇਤ ਪਹੁੰਚੋ, ਆਪ ਨੂੰ ਸਮੱਦ ਖਾਨ ਨੇ ਛੇਤੀ ਪਹੁੰਚਣ ਦਾ ਹੁਕਮ ਦਿਤਾ ਹੈ।

ਸੈਦ ਖ਼ਾਨ ਨੇ ਆਪਣੀ ਸਾਰੀ ਫ਼ੌਜ ਲੈ ਕੇ ਕੂਚ ਕਰ ਦਿਤਾ ਅਤੇ ਪਿੱਛੇ ਕੁਝ ਪਹਿਰੇਦਾਰ ਹੀ ਛੱਡ ਗਿਆ। ਸਿੰਘ ਝੱਟ-ਪੱਟ ਗੜ੍ਹੀ ਉਪਰ ਜਾ ਪਏ ਅਤੇ ਪਹਿਰੇਦਾਰਾਂ ਨੂੰ ਕਾਬੂਕਰਕੇ ਗੋਲੀ ਬਰੂਦ ਦਾ ਬਹੁਤ ਭਾਰੀ ਜ਼ਖੀਰਾ, ਉਸੇ ਗੜ੍ਹੀ ਦੇ ਸੌ ਊਠਾਂ ਪੁਰ ਲੱਦ ਕੇ ਨਵਾਬ ਕਪੂਰ ਸਿੰਘ ਦੀ ਹਾਜ਼ਰੀ ਵਿਚ ਆ ਪਹੁੰਚੇ। ਇਸ ਬਾਰੂਦ ਦੀ ਸਹਾਇਤਾ ਨਾਲ ਖ਼ਾਲਸੇ ਨੇ ਤਕੜਾ ਹਮਲਾ ਕਰ ਕੇ ਜਿੱਤ ਪ੍ਰਾਪਤ ਕੀਤੀ।

1734 ਈ. ਵਿਚ ਕੌਮ ਦੇ ਮਹਾਨ ਵਿਦਵਾਨ, ਸ੍ਰੀ ਦਰਬਾਰ ਸਾਹਿਬ ਜੀ ਦੇ ਹੈਡ ਗਰੰਥੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਜੁਦਾ ਕਰਕੇ ਸ਼ਹੀਦ ਕੀਤਾ ਗਿਆ ਸੀ।

ਇਤਿਹਾਸ ਗਵਾਹ ਹੈ ਕਿ ਸਿੱਖੀ ਕੌਮ ਜਿੱਥੇ ਅੰਤਾਂ ਦੀ ਦਿਆਲੂਕੌਮ ਹੈ ਉਥੇ ਹੈਂਕੜਬਾਜ਼ ਜ਼ਾਲਮਾਂ ਨੂੰ ਬਖਸ਼ਦੀ ਵੀ ਨਹੀਂ । ਜਿੰਨੀਆਂ ਵੀ ਸ਼ਹੀਦੀਆਂ ਹੋਈਆਂ ਉਹਨਾਂ ਦਾ ਬਦਲਾ ਲਏ ਬਗੈਰ ਖ਼ਾਲਸਾ ਟਲਿਆ ਨਹੀਂ ਇਹ ਗੱਲ ਵਖਰੀ ਹੈ ਕਿ ਜੇ ਵੈਰੀ ਈਨ ਮੰਨ ਲਵੇ ਬਗੈਰ ਖ਼ਾਲਸਾ ਟਲਿਆ ਨਹੀਂ ਇਹ ਗੱਲ ਵਖਰੀ ਹੈ ਕਿ ਜੇ ਵੈਰੀ ਈਨ ਮੰਨ ਲਵੇ ਤੇ ਜਾਨ ਬਖ਼ਸ਼ੀ ਲਈ ਫ਼ਰਿਆਦ ਕਰੇ ਤਾਂ ਸਿੱਖ ਕੌਮ ਉਸ ਦੇ ਸਾਰੇ ਔਗੁਣ ਮਾਫ਼ ਕਰਨ ਵਿਚ ਢਿੱਲ੍ਹ ਨਹੀਂ ਲਾਉਂਦੀ । ਇਸ ਲਈ ਜ਼ਰੂਰੀ ਸੀ ਕਿ ਜਿਨ੍ਹਾਂ ਹਤਿਆਰਿਆਂ ਦਾ, ਭਾਈ ਸਾਹਿਬ ਜੀ ਦੀ ਸ਼ਹੀਦੀ ਵਿਚ ਹੱਥ ਸੀ, ਉਹਨਾਂ ਨੂੰ ਉਹਨਾਂ ਦੇ ਕੀਤੇ ਦਾ ਫਲ ਭੁਗਤਾਇਆ ਜਾਵੇ। ਇਸ ਲਈ ਸਭ ਤੋਂ ਪਹਿਲਾਂ ਸ: ਅੱਘੜ ਸਿੰਘ ਥਰਾਜ ਸਿੰਘ ਨੇ ਉਹਨਾਂ ਕਾਤਲਾਂ ਦਾ ਖੁਰਾ ਖੋਜ ਮਿਟਾਇਆ । ਪਰ ਅਜੇ ਵੀ ਦੋ ਵੱਡੇ ਹਤਿਆਰੇ-ਸਮੱਦ ਖਾਨ ਅਤੇ ਖਾਨ ਬਹਾਦਰ ਜ਼ਕਰੀਆਂ ਖਾਨ ਬਾਕੀ ਸਨ। ਇਹ ਅਬਦੁਲ ਸਮੱਦ ਖ਼ਾਨ, ਪ੍ਰਸਿਧ ਸਮੱਦ ਖਾਨ ਯੂਸਫ਼ਜਈ ਕਰਕੇ ਮਸ਼ਹੂਰ ਸੀ, ਜਿਸਨੇ ਭਾਈ ਮਨੀ ਸਿੰਘ ਜੀ ਨੂੰ ਕਾਫ਼ੀ ਕਸ਼ਟ ਦਿਤੇ ਸਨ। ਇਸ ਨੂੰ ਖ਼ਾਲਸੇ ਦੇ ਬੁਢੇ ਦਲ ਨੂੰ ਮੁਕਾਉਣ ਵਾਸਤੇ ਗਸ਼ਤੀ ਫ਼ੌਜ ਦੇ ਕੇ ਭੇਜਿਆ ਗਿਆ ਸੀ। ਇਨ੍ਹਾਂ ਦਿਨ੍ਹਾਂ ਵਿਚ ਨਵਾਬ ਕਪੂਰ ਸਿੰਘ ਨੂੰ ਸੂਹੀਏ ਨੇ ਖ਼ਬਰ ਦਿਤੀ ਕਿ ਸਮੱਦ ਖਾਨ ਬਿਮਾਰੀ ਦੇ ਬਹਾਨੇ ਸਿੰਘਾਂ ਦੇ ਟਾਕਰੇ ਲਈ ਅੱਗੇ ਨਹੀਂ ਆਉਂਦਾ ਅਤੇ ਪਿਛੇ ਪਾਲਕੀ ਵਿਚ ਰਹਿੰਦਾ ਹੈ। ਇਸ ਸਮੇਂ ਨਵਾਬ ਕਪੂਰ ਸਿੰਘ ਨੇ ਵਿਉਂਤ ਬਣਾਈ ਜਿਸ ਅਨੁਸਾਰ ਢਾਈ ਹਜ਼ਾਰ ਖ਼ਾਲਸੇ ਨੂੰ ਵੱਖ ਕਰਕੇ 1500 ਨੌਜਵਾਨ

ਆਪਣੇ ਨਾਲ ਰੱਖੇ। ਵਿਉਂਤ ਇਉਂ ਬਣਾਈ ਕਿ ਜਦ ਵੈਰੀ ਨਾਲ ਜੰਗ ਆਰੰਭ ਹੋ ਜਾਏ ਤਾਂ ਖ਼ਾਲਸੇ ਦਾ ਵੱਡਾ ਭਾਗ ਮੈਦਾਨ ਵਿਚੋਂ ਭੱਜ ਜਾਏ। ਇਉਂ ਦੁਸ਼ਮਣ ਦੀ ਸੈਨਾ ਨੂੰ ਆਪਣੇ ਪਿਛੇ-ਪਿਛੇ ਖਿੱਚ ਕੇ ਦੂਰੀ ਤੇ ਲੈ ਜਾਏ ਤਾਂ ਜੋ ਨਵਾਬ ਜੀ ਦਾ ਜੱਥਾ ਸਮੱਦ ਖਾਨ ਪੁਰ ਜਾ ਪਏ। ਖ਼ਾਲਸੇ ਨੇ ਇਉਂ ਹੀ ਕੀਤਾ ਅਤੇ ਇਸ ਤਰ੍ਹਾਂ ਸਮੱਦ ਖ਼ਾਨ ਨੂੰ ਫੜ ਲਿਆ ਗਿਆ। ਉਸ ਨੂੰ ਰੱਸਿਆਂ ਨਾਲ ਜਕੜ ਕੇ ਘੋੜਿਆਂ ਦੇ ਮਗਰ ਬੰਨ੍ਹ ਦਿਤਾ ਅਤੇ ਘੋੜਿਆਂ ਨੂੰ ਖ਼ੂਬ ਦੌੜਾਇਆ । ਇਸ ਤਰ੍ਹਾਂ ਇਸ ਅਪਰਾਧੀ ਨੂੰ ਸਜ਼ਾ ਦਿਤੀ ਗਈ।

ਹੁਣ ਖ਼ਾਨ ਬਹਾਦਰ ਦੀ ਵਾਰੀ ਸੀ। ਇਸਨੂੰ ਸਮਝ ਪੈ ਚੁਕੀ ਸੀ ਕਿ ਖ਼ਾਲਸੇ ਨੇ ਇਕ ਦਿਨ ਉਸਦਾ ਬੁਰਾ ਹਾਲ ਕਰਨਾ ਹੈ। ਇਸ ਡਰ ਨਾਲ ਉਸਨੇ ਕਿਲ੍ਹੇ ਤੋਂ ਬਾਹਰ ਨਿਕਲਣਾ ਬੰਦ ਕਰ ਦਿਤਾ। ਇਧਰ ਨਵਾਬ ਕਪੂਰ ਸਿੰਘ ਨੇ ਖ਼ਾਨ ਬਹਾਦਰ ਦੀ ਹਰ ਦਿਨ ਦੀ ਖ਼ਬਰ ਪਹੁੰਚਾਣ ਲਈ ਕਈ ਸੂਹੀਏ ਨੀਅਤ ਕੀਤੇ ਹੋਏ ਸਨ। ਇਕ ਦਿਨ ਸੂਹੀਏ ਨੇ ਖ਼ਬਰ ਦਿਤੀ ਕਿ ਆਉਂਦੇ ਜੁਮੇਂ (ਸ਼ੁੱਕਰਵਾਰ) ਨੂੰ ਜ਼ਕਰੀਆ ਖ਼ਾਨ ਕਿਲ੍ਹੇ ਤੋਂ ਬਾਹਰ ਬਾਦਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਜਾਵੇਗਾ। ਨਵਾਬ ਕਪੂਰ ਸਿੰਘ ਨੇ ਇਕ ਦਮ ਦੋ-ਹਜ਼ਾਰ ਸੂਰਬੀਰ ਚੁਣ ਕੇ ਸਬਜ਼ ਰੰਗ ਦੇ ਬਸਤਰ ਪਹਿਨਾਣ ਦਾ ਪਰਬੰਧ ਕਰ ਲਿਆ ਅਤੇ ਇਸ ਤਰ੍ਹਾਂ ਹੈਦਰੀ ਝੰਡੇ ਦੇ ਨਮੂਨੇ ਪੁਰ ਇਕ ਝੰਡਾ ਤਿਆਰ ਕਰਵਾਇਆ। ਸਿੰਘਾਂ ਦੇ ਦਾੜ੍ਹੇ ਤਾਂ ਪਹਿਲਾਂ ਹੀ ਖੁੱਲ੍ਹੇ ਹੁੰਦੇ ਸਨ, ਕੇਸ ਵੀ ਖੋਲ੍ਹ ਦੇ ਇਸਲਾਮੀ ਮੁਜਾਦੀਨਾਂ ਵਾਂਗ ਪਿਛਾਂਹ ਖਿਲਾਰ ਲਏ। ਇਹ ਸਾਰੇ ਇਉਂ ਦਿਸਦੇ ਸਨ, ਜਿਵੇਂ ਉਚ ਦੇ ਪੀਰਾਂ ਦੇ ਮੁਰੀਦ ਸਿੰਘਾਂ ਵਿਰੁਧ ਜਹਾਦੀ ਲੜਾਈ ਲਈ ਆਏ ਹੋਣ। ਇਹ ਜਥਾ ਰਾਵੀ ਦੇ ਬੇਲੇ ਸਿੰਘਾਂ ਵਿਰੁਧ ਜਹਾਦੀ ਲੜਾਈ ਲਈ ਆਏ ਹੋਣ। ਇਹ ਜੱਥਾ ਰਾਵੀ ਦੇ ਬੇਲੇ ਵਿਚੋਂ 'ਅੱਲਾ ਹੂਅਕਬਰ' (ਰੱਬ ਵੱਡਾ ਹੈ) ਦੇ ਨਾਹਰੇ ਲਗਾਉਂਦਾ ਬਾਦਸ਼ਾਹੀ ਮਸੀਤ ਵੱਲ ਆ ਗਿਆ। ਠੀਕ ਜੁਮੇਂ ਦੀ ਨਿਮਾਜ਼ ਤੋਂ ਪਹਿਲਾਂ ਸਾਰਾ ਜੱਥਾ, ਨਵਾਬ ਜੀ ਸਮੇਤ, ਟਕਸਾਲੀ ਦਰਵਾਜ਼ੇ ਪਾਸ ਬਾਹਰਵਾਰ ਤੈਨਾਤ ਹੋ ਗਿਆ ਅਤੇ ਖ਼ਾਨ ਬਹਾਦਰ ਦੀ ਉਡੀਕ ਕਰਨ ਲੱਗਾ। ਮਾਲੂਮ ਹੁੰਦਾ ਹੈ, ਖ਼ਾਨ ਬਹਾਦਰ ਨੂੰ ਖ਼ਤਰਾ ਭਾਸ ਗਿਆ, ਅਤੇ ਉਸ ਨੇ ਬਾਦਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਦੀ ਵਿਚਾਰ ਬਦਲ ਦਿਤੀ । ਜਦੋਂ ਖ਼ਾਨ ਨਾ ਪਹੁੰਚਿਆ ਤਾਂ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡੇ ਅਤੇ ਸ਼ਹਿਰ ਵਿਚੋਂ ਜਿਸ ਚੀਜ਼ ਦੀ ਲੋੜ ਸੀ, ਲੈ ਕੇ ਹਰਨ ਹੋ ਗਏ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਸਿੰਘ ਆਪਣੇ ਬੋਲਿਆਂ ਵਿਚ ਹਕੀਰ (ਲਘੂ) ਸਮਝਦੇ ਹੋਏ ਉਸਨੂੰ

"ਖਾਨੂੰ" (ਅੱਧਾ ਨਾਂ) ਕਰਕੇ ਬੁਲਾਉਂਦੇ ਸਨ।

ਬੁੱਢਾ ਦਲ ਦੇ ਸੂਰਮਿਆਂ ਦੀ ਇੱਛਾ ਮੁਤਾਬਿਕ ਨਵਾਬ ਕਪੂਰ ਸਿੰਘ ਜੀ ਪੂਰਬੀ ਮੁਸਲਮਾਨ ਹਾਕਮਾਂ ਦੀ ਸੁਧਾਈ ਲਈ ਸਤਲੁਜੋਂ ਪਾਰ ਹੋ ਕੇ ਮਾਲਵੇ ਵਿਚ ਪਹੁੰਚੇ। ਮਾਲਵੇ ਵਿਚ ਪੈਰ ਰਖਦਿਆਂ ਹੀ ਜਦ ਮਹਾਰਾਜਾ ਆਲਾ ਸਿੰਘ ਦੇ ਸਪੁੱਤਰਾਂ ਨੂੰ ਪਤਾ ਲੱਗਾ ਤਾਂ ਉਹ ਮੁਖੀ ਸਰਦਾਰਾਂ ਨੂੰ ਨਾਲ ਲੈਕੇ ਨਵਾਬ ਜੀ ਨੂੰ ਆ ਮਿਲੇ। ਉਨ੍ਹਾਂ ਨੇ ਪਹਿਲਾਂ ਬਰਨਾਲੇ ਦੇ ਪਾਸ ਡੇਰਾ ਕਰਵਾਇਆ ਅਤੇ ਖੁੱਲ੍ਹ ਕੇ ਸੇਵਾ ਕੀਤੀ, ਫਿਰ ਆਪਣੀ ਰਾਜਧਾਨੀ ਵਿਚ ਲੈ ਗਏ। ਇਕ ਦਿਨ ਕੰਵਰ ਲਾਲ ਸਿੰਘ ਨੇ ਦੱਸਿਆ ਕਿ ਲਗੇ ਦੇ ਮੁਸਲਮਾਨ ਹਾਕਮ ਸਾਡੇ ਇਲਾਕੇ ਦੇ ਕਈ ਪਿੰਡ ਦਬਾ ਬੈਠੇ ਹਨ। ਨਵਾਬ ਜੀ ਨੇ ਇਕ ਦਮ ਚੜ੍ਹਾਈ ਕੀਤੀ ਅਤੇ ਸਾਰੇ ਪਿੰਡਾਂ ਤੇ ਕਬਜ਼ਾ ਕਰ ਲਿਆ। ਫਿਰ ਨਵਾਬ ਕਪੂਰ ਸਿੰਘ ਜੀ ਜੱਥੇ ਸਮੇਤ ਦਿੱਲੀ ਵੱਲ ਚੱਲ ਪਏ। ਰਾਹ ਵਿਚ ਪਹਿਲਾਂ ਝੱਜਰ ਦੇ ਨਵਾਬ ਦੀ ਸੁਧਾਈ ਕੀਤੀ, ਫਿਰ ਦਾਦਰੀ ਦੇ ਰਈਸ ਇਸਮਾਈਲ ਖ਼ਾਂ ਕੋਲੋਂ ਨਜ਼ਰਾਨਾ ਲਿਆ। ਇਸ ਉਪਰੰਤ ਦੁਜਾਨੇ ਦੇ, ਪਟੋਦੀ ਦੇ ਫੈਜ਼ ਤਲਬ ਖ਼ਾਨ, ਬਹਾਦਰ ਗੜ੍ਹ ਦੇ ਸਮਸ਼ੇਰ ਖ਼ਾਨ ਨੇ ਨਜ਼ਰਾਨੇ ਪੇਸ਼ ਕੀਤੇ। ਛੇਕੜ ਫਰੀਦਾਬਾਦ, ਬਲਭਗੜ੍ਹ, ਮਹਰੌਲੀ ਤੇ ਗੁੜ੍ਹਗਾਵਾਂ ਦੀ ਸੁਧਾਈ ਕਰਦੇ ਹੋਏ ਫਰੁਖਾਬਾਦ ਪਹੁੰਚੇ। ਇਥੋਂ ਦੇ ਨਵਾਬ ਨੇ ਮੁਕਾਬਲੇ ਲਈ ਰਾਹ ਰੋਕ ਲਿਆ। ਖ਼ਾਲਸੇ ਨੂੰ ਕਾਫ਼ੀ ਦਿਨਾਂ ਤੋਂ ਤੇਗ ਦੇ ਜੌਹਰ ਵਿਖਾਉਣ ਦਾ ਮੌਕਾ ਨਹੀਂ ਸੀ ਮਿਲਿਆ । ਖ਼ਾਲਸਾ ਗਾਜ਼ੀਆਂ ਉਪਰ ਐਸਾ ਟੁੱਟ ਕੇ ਪਿਆ ਕਿ ਦੁਸ਼ਮਣ ਨੇ ਛੇਤੀ ਹੀ ਖ਼ਾਲਸੇ ਦੇ ਪੈਰਾਂ ਵਿਚ ਸ਼ਸਤਰ ਸੁੱਟ ਦਿਤੇ। ਨਵਾਬ ਕਪੂਰ ਸਿੰਘ ਦੇ ਇਸ ਦੌਰੇ ਵਿਚ ਖ਼ਾਲਸਾ ਦਲ ਨੂੰ ਇੰਨੀ ਸਫ਼ਲਤਾ ਪ੍ਰਾਪਤ ਹੋਈ ਕਿ ਉਹ ਆਪਣੇ ਘੋੜਿਆਂ ਨੂੰ ਮਾਇਆ ਨਾਲ ਲੱਦ ਕੇ ਮਾਲਵੇ ਵੱਲ ਪਰਤੇ।

ਹੁਣ ਨਾਦਰ ਸ਼ਾਹ ਦੀ ਸੁਧਾਈ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਨਾਦਰਸ਼ਾਹ ਬੜਾ ਜ਼ਾਲਮ ਬਾਦਸ਼ਾਹ ਸੀ। ਦਿੱਲੀ ਵਿਚ ਇਸ ਨੇ ਲਗਪਗ 1,20,000 ਜਵਾਨ, ਬੁਢੇ, ਬੱਚੇ ਤੇ ਇਸਤ੍ਰੀਆਂ ਕਤਲ ਕਰਵਾ ਦਿਤੇ ਸਨ। ਘਰ ਫੂਕ ਦਿਤੇ ਅਤੇ ਮੁਹੱਲੇ ਲੁੱਟ ਲਏ ਸਨ। ਇਸ ਸਮੇਂ ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਸੀ ਜੋ ਬਹੁਤ ਅਯਾਸ਼ ਸੀ। ਇਸਦੇ ਦਰਬਾਰੀਆਂ ਵਿਚੋਂ ਨਿਜ਼ਾਮੁਲ ਮੁਲਕ ਅਤੇ ਸਾਅਦਤ ਖ਼ਾਨ ਨੇ ਨਾਦਰ ਸ਼ਾਹ ਨੂੰ ਹਿੰਦੋਸਤਾਨ ਪੁਰ ਚੜ੍ਹਾਈ ਦਾ ਬੁਲਾਵਾ ਦਿੱਤਾ ਸੀ। ਨਾਦਰ ਸ਼ਾਹ ਨੇ ਸੰਨ 1738 ਦੇ ਅੰਤ ਵਿਚ ਹਮਲਾ ਕੀਤਾ। ਇਸ ਪਾਸੋਂ ਸਾਰੇ ਥਰ ਥਰ

ਕੰਬਦੇ ਸਨ। ਦਿੱਲੀ ਦੀ ਲੁੱਟ ਵਿਚ ਉਹ ਸੱਤਰ ਕਰੋੜ ਰੁਪਏ ਦਾ ਸੋਨਾ ਤੇ ਜਵਾਹਰਾਤ, ਪੰਞੀ ਕਰੋੜ ਰੁਪਿਆ ਤਾਵਾਨ-ਜੰਗ, 1000 ਹਾਥੀ, 7000 ਘੋੜੇ, 10,000 ਉੂਠ, 200 ਚੰਗੇ ਕਾਰੀਗਰ ਤਰਖਾਣ, 130 ਖੁਸ਼ ਨਵੀਸ਼, 200 ਲੁਹਾਰ, 300 ਰਾਜ, 200 ਪੱਥਰ-ਘਾੜੂ, 100 ਹਿਜੜੇ ਹਰਮਾਂ ਦੀ ਸੇਵਾ ਲਈ, ਲੈ ਕੇ ਇਰਾਨ ਵਲ ਪਰਤਿਆ। ਆਪਣੇ ਪੁਤਰ ਨਸਰੁਲਾ ਦਾ ਵਿਆਹ ਸ਼ਾਹਜ਼ਾਦੀ ਨਾਲ ਕੀਤਾ ਅਤੇ ਦੋ ਹਜ਼ਾਰ ਨੌਜਵਾਨ ਲੜਕੀਆਂ ਨਾਲ ਲੈ ਲਈਆਂ।

ਜਦ ਇਹ ਖ਼ਬਰ ਨਵਾਬ ਕਪੂਰ ਸਿੰਘ ਨੂੰ ਪਹੁੰਚੀ ਤਾਂ ਹੋਰ ਵਿਚ ਆ ਕੇ ਉਸਨੇ ਨਿਰਨਾ ਕੀਤਾ ਕਿ ਇਸ ਨਾਦਰ ਸ਼ਾਹ ਨੂੰ ਹੌਲਾ ਕਰਕੇ ਭੇਜਣਾ ਹੈ। ਆਪ ਨੇ ਝੱਟ ਦੋਹਾਂ ਦਲਾਂ ਨੂੰ ਇਕੱਠੇ ਕਰਨਾ ਦਾ ਪਰਬੰਧ ਕੀਤਾ ਅਤੇ ਇਹ ਐਲਾਨ ਕੀਤਾ ਕਿ ਨਾਦਰਸ਼ਾਹ ਦਾ ਇਹ ਖਿਆਲ ਬਦਲ ਦੇਣਾ ਹੈ ਕਿ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਨਵਾਬ ਕਪੂਰ ਸਿੰਘ ਨੇ ਲੰਮੀ ਵਿਚਾਰ ਉਪਰੰਤ ਇਹ ਵਿਉਂਤ ਬਣਾਈ ਕਿ ਹਰ ਦੂਜੀ ਤੀਜੀ ਰਾਤ ਨੂੰ ਦਿਸ਼ਾ ਤੇ ਸਮਾਂ ਬਦਲਾ-ਬਦਲ ਕੇ ਨਾਦਰ ਸ਼ਾਹ ਦੇ ਡੇਰੇ ਪੁਰ ਛਾਪੇ ਮਾਰੇ ਜਾਣ ਅਤੇ ਉਸ ਤੋਂ ਦੇਸ਼ ਦੇ ਬੱਚੇ ਤੇ ਇਸਤਰੀਆਂ ਛੁਡਾ ਲਈਆਂ ਜਾਣ, ਅਤੇ ਜਿਤਨੇ ਹਥਿਆਰ ਅਤੇ ਘੋੜੇ ਖੋਹੇ ਜਾ ਸਕਣ, ਖੋਹ ਲਏ ਜਾਣ।

ਜਦ ਨਾਦਰ ਸ਼ਾਹ ਨੇ ਚਨ੍ਹਾਬ ਦੇ ਕੰਢੇ ਅਖਨੂਰ ਦੇ ਮੁਕਾਮ ਤੇ ਡੇਰਾ ਕੀਤਾ ਤਾਂ ਪਹਿਲੀ ਰਾਤ ਨੂੰ ਬਹੁਤ ਵਰਖਾ ਹੋਈ। ਇਸ ਭਿਆਨਕ ਸਮੇਂ ਵਿਚ ਖ਼ਾਲਸਾ ਈਰਾਨੀਆਂ ਉਤੇ ਟੁੱਟ ਪਿਆ ਅਤੇ ਸਿੱਖ ਮਾਰੋ-ਮਾਰ ਕਰਦੇ ਬੰਦੀਵਾਨਾਂ ਦੀ ਵਲਗਣ ਤਕ ਪਹੁੰਚ ਗਏ। ਬਹੁਤ ਭਾਰੀ ਗਿਣਤੀ ਵਿਚ ਕੈਦੀ ਅਤੇ ਇਸਤ੍ਰੀਆਂ ਛੁਡਾ ਲਈਆਂ । ਫਿਰ ਸੋਨੇ ਦੇ ਸੰਦੂਕਾਂ ਨੂੰ ਜਾ ਪਏ ਅਤੇ ਬਹੁਤ ਸਾਰੇ ਘੋੜੇ ਵੀ ਸਾਂਭ ਲਏ। ਦੂਜੀ ਭਲਕ ਨਾਦਰ ਸ਼ਾਹ ਨੇ ਆਪਣੇ ਸਾਰੇ ਮੁਖੀ ਕਰਿੰਦਿਆਂ ਤੇ ਖ਼ਾਨ ਬਹਾਦਰ, (ਜੋ ਅਰਦਲ ਵਿਚ ਸ਼ਾਹ ਦੇ ਨਾਲ ਸੀ) ਪਰ ਬੜਾ ਕਰੋਧਵਾਨ ਹੋਇਆ ਤੇ ਆਖਿਆ ਇਹਨਾਂ ਲੁਟੇਰਿਆਂ ਦੀ ਜ਼ੁਮੇਵਾਰੀ ਤੇਰੀ ਹੈ, ਤੂੰ ਉਨ੍ਹਾਂ ਤੋਂ ਮਾਲ ਵਾਪਸ ਮੰਗਵਾ। ਪਰ ਜ਼ਕਰੀਆ ਖ਼ਾਨ ਨੂੰ ਪਤਾ ਸੀ ਕਿ ਇਹਨਾਂ ਸਿੰਘਾਂ ਦੇ ਹੱਥ ਆਈ ਕੋਈ ਵੀ ਵਸਤੂਵਾਪਸ ਨਹੀਂ ਹੋ ਸਕਦੀ। ਉਸਨੇ ਮੀਂਹ ਦਾ ਬਹਾਨਾ ਬਣਾ ਕੇ ਆਪਣੀ ਜਾਨ ਬਚਾਈ। ਵਿਚਲੀਆਂ ਦੋ ਰਾਤਾਂ ਖਾਲੀ ਛੱਡੀਆਂ ਗਈਆਂ, ਕਿਉਂਕਿ ਖ਼ਾਲਸਾ ਸਮਾਨ ਨੂੰ ਦੂਰ ਛੱਡਣ ਚਲਾ ਗਿਆ ਸੀ। ਤੀਜੀ ਰਾਤ ਖ਼ਾਲਸੇ ਨੇ ਪਹਿਲੇ ਤੋਂ ਵਧੇਰੇ ਭਿਆਨਕ ਹਮਲਾ ਕੀਤਾ ਅਤੇ ਹਥਿਆਰ ਲੁੱਟੇ। ਕੁਝ ਸਿੰਘ ਸ਼ਹੀਦ ਵੀ ਹੋ ਗਏ। ਜਦ ਇਨ੍ਹਾਂ ਸ਼ਹੀਦ

ਸਿੰਘਾਂ ਦੇ ਦਰਸ਼ਨ ਨਾਦਰ ਸ਼ਾਹ ਨੂੰ ਕਰਵਾਏ ਗਏ ਤਾਂ ਉਹ ਬਹੁਤ ਲਾਲ- ਪੀਲਾ ਹੋਇਆ ਅਤੇ ਕਹਿਣ ਲੱਗਾ, "ਇਹਨਾਂ ਦੇ ਘਰ-ਘਾਟ ਕਿਥੇ ਹਨ, ਮੈਂ ਇਹਨਾਂ ਨੂੰ ਖ਼ਤਮ ਕਰ ਦਿਆਂਗਾ।" ਤਾਂ ਜ਼ਕਰੀਆ ਖ਼ਾਨ ਨੇ ਦਸਿਆ ਕਿ "ਇਹਨਾਂ ਦੇ ਘਰ-ਘਾਟ ਘੋੜ੍ਹਿਆਂ ਦੀਆਂ ਕਾਠੀਆਂ ਹਨ।"

ਜ਼ਕਰੀਆ ਖ਼ਾਨ ਤੋਂ, ਸਿੰਘਾਂ ਬਾਰੇ, ਨਾਦਰ ਸ਼ਾਹ ਨੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀ। ਜ਼ਕਰੀਆ ਖ਼ਾਨ ਨੇ ਜੋ ਉਤਰ ਦਿਤਾ ਉਸਦਾ ਵਰਣਨ ਗਿਆਨੀ ਰਤਨ ਸਿੰਘ ਜੀ ਭੰਗੂ ਨੇ ਪੰਥ ਪ੍ਰਕਾਸ਼ ਵਿਚ ਇਉਂ ਕੀਤਾ ਹੈ:

## ਚੌਪਈ ॥

ਪੂਛਯੋ ਖਾਨੂਕੋ ਨਾਦਰ ਆਇ ॥ ਹਮ ਕੋ ਲੂਟਨਹਾਰ ਬਤਾਇ॥

ਜਿਨ ਲੁਟ ਖਾਯੋ ਹਮਰੋ ਰਾਹ ॥ ਮੁਲਕ ਉਸੇ ਕੀ ਉਡਾ ਦਯੋਂ ਸਵਾਹਿ ॥ 3॥

ਤਬ ਖਾਨੂਨੇ ਅਸ ਬਖ਼ਾਨੀ ॥ ਮੁਲਕ ਉਸੇ ਕੋ ਨਾਹਿ ਨਿਸ਼ਾਨੀ ॥

ਖੜੇ ਸੋਵੈਂ ਔਰ ਚਲਤੇ ਖਾਹਿ ॥ ਨਹਿ ਬੈਠੇਂ ਵੈ ਕਿਤੇ ਗਿਰਾਇ ॥ 4॥

ਨੂਨ ਘਿਰਤ ਕੋ ਸੁਵਾਦ ਨੇ ਜਾਨੈਂ ॥ ਹਮ ਦੁਖ ਦੇਵੈਂ, ਵੈ ਸੁਖ ਮਾਨੈਂ॥

ਹਾੜ ਨਾ ਦਿਨ ਭਰ ਪੀਵੈਂ ਪਾਨੀ ॥ ਸਿਆਲ ਰਖੈਂ ਨ ਅਗਨ ਨਿਸ਼ਾਨੀ ॥ 5॥

ਨਹਿੰ ਖਾਵੈਂ ਵੈ ਪੀਸਯੋ ਨਾਜ ॥ ਲੜੈਂ ਬਹੁਤ ਵੈ ਕਰਕੇ ਭਾਜ ॥

ਏਕ ਹੋਏ ਤਾਂ ਸੌ ਸੌ ਲਰੈਂ ॥ ਮਰਨ ਮਾਰਨ ਤੇ ਮੂਲ ਨ ਡਰੈਂ ॥ 6॥

## ਦੋਹਰਾ ॥

ਰਹੈ ਚਾਉ ਉਨ ਮਨ ਕੋ, ਦੀਨ ਮਜ਼ਹਬ ਕੈ ਭਾਇ ॥

ਰਮ ਮਾਰਤ ਉਨ ਥਕ ਗਏ, ਉਇ ਘਟਤ ਨ ਕਿਤਹੂੰ ਦਾਇ ॥ 7 ॥

ਨਦਾਰ ਸ਼ਾਹ ਨੇ ਜਦ ਸਿੰਘਾਂ ਦੇ ਇਹ ਹਾਲਾਤ ਸੁਣੇ ਤਾਂ ਕਹਿਣ ਲਗਾ ਕਿ ਉਹ ਦਨ ਦੂਰ ਨਹੀਂ ਜਦ ਇਹ ਮੁਲਕ ਦੇ ਬਾਦਸ਼ਾਹ ਬਣਨਗੇ।

ਖ਼ਾਲਸੇ ਨੇ ਨਾਦਰ ਸ਼ਾਹ ਦਾ ਪਿਛਾ ਕਰਕੇ ਉਸਨੂੰ ਕਾਫ਼ੀ ਹਲਕਾ ਕੀਤਾ ਅਤੇ ਬਹੁਤ ਇਸਤ੍ਰੀਆਂ, ਧਨ, ਘੋੜੇ ਅਤੇ ਹਥਿਆਰ ਵਾਪਸ ਲਏ।

ਅੰਮ੍ਰਿਤਸਰ ਉਤੇ ਅਜੇ ਵੀ ਪਹਿਰਾ ਲੱਗਾ ਹੋਇਆ ਸੀ। ਕਾਜ਼ੀ ਅਬਦੁਲ ਰਹਿਮਾਨ ਦੇ ਖ਼ਾਲਸੇ ਹੱਥੋਂ ਮਾਰੇ ਜਾਣ ਮਗਰੋਂ, ਮੱਸੇ ਰੰਘੜ ਮੰਡਿਆਲੀਏ ਨੂੰ ਮੁਕਰਰ ਕੀਤਾ ਗਿਆ ਸੀ। ਇਹ ਨਵੰਬਰ 1738 ਤੋਂ ਅਗਸਤ 174● ਤਕ ਅੰਮ੍ਰਿਤਸਰ ਦਾ ਕੋਤਵਾਲ ਰਿਹਾ। ਇਸ ਨੂੰ ਦੋ ਸੂਰਬੀਰਾਂ -ਸ: ਮਹਿਤਾਬ ਸਿੰਘ ਮੀਰਾਂਕੋਟੀਏ ਅਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਦਿਨ-ਦਿਹਾੜੇ ਕਤਲ ਕੀਤਾ। ਇਸ ਉਪਰੰਤ ਕਈ ਫ਼ੌਜਦਾਰ ਨੀਯਤ ਹੋਏ ਅਤੇ ਬਦਲ ਗਏ। ਜ਼ਕਰੀਆ ਖ਼ਾਨ ਜੁਲਾਈ 1745 ਨੂੰ ਮਰ ਗਿਆ। ਸੰਨ 1747 ਦੇ ਅਖੀਰ ਵਿਚ ਠਰੂਪਿੰਡ ਦਾ ਮੁਸਲਮ ਰਾਜਪੂਤ ਸਲਾਬਤ ਖ਼ਾਨ ਅੰਮ੍ਰਿਤਸਰ ਦੀ ਸ਼ਾਹੀ ਫ਼ੌਜ ਦਾ ਹਾਕਮ ਨੀਯਤ ਹੋਇਆ। ਇਸਨੇ ਪਹਿਰਾ ਏਨਾ ਸਖ਼ਤ ਕਰ ਦਿਤਾ ਕਿ ਜੇ ਕੋਈ ਸਿੱਖ ਸਰੋਵਰ ਤਕ ਪਹੁੰਚ ਵੀ ਜਾਂਦਾ, ਉਸਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿਤਾ ਜਾਦਾ ਸੀ। ਇਸ ਦੀ ਸੁਧਾਈ ਕਰਨ ਲਈ ਨਵਾਬ ਕਪੂਰ ਸਿੰਘ ਨੇ ਦੋਹਾਂ ਦਲਾਂ ਦੇ ਮੁਖੀਆਂ ਨੂੰ ਇਕੱਠੇ ਕਰਕੇ ਅੰਮ੍ਰਿਤਸਰ ਨੂੰ ਆਜ਼ਾਦ ਕਰਾਉਣ ਦਾ ਮਤਾ ਪੰਥ ਦੇ ਮੂਹਰੇ ਰੱਖਿਆ ਅਤੇ ਨਵਾਬ ਕਪੂਰ ਸਿੰਘ ਜੀ ਨੇ ਖ਼ਾਲਸੇ ਨੂੰ ਸੰਬੋਧਨ ਕਰਦਿਆਂ ਕਿਹਾ, "ਖ਼ਾਲਸਾ ਜੀ! ਭਾਵੇਂ ਕਿੰਨੀ ਕੁਰਬਾਨੀ ਵੀ ਕਿਉਂ ਨਾ ਦੇਣੀ ਪਏ, ਹੁਣ ਸ੍ਰੀ ਅੰਮ੍ਰਿਤਸਰ ਨੂੰ ਹੋਰ ਇਕ ਦਿਨ ਲਈ ਵੀ ਜਾਬਰਾਂ ਦੇ ਕਬਜ਼ੇ ਵਿਚ ਨਹੀਂ ਰਹਿਣ ਦੇਣਾ।" ਸਾਰੇ ਖ਼ਾਲਸੇ ਨੇ ਇਸ ਪ੍ਰੋਗਰਾਮ ਨੂੰ ਖੁਸ਼ੀ ਖੁਸ਼ੀ ਪਰਵਾਨ ਕੀਤਾ। ਇਸ ਮੁਹਿੰਮ ਦੀ ਅਗਵਾਈ ਲਈ ਨਾਵਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਆਹਲੂਵਾਲੀਏ ਦੀ ਡਿਊਟੀ ਲਗਾਈ 1 ਮਾਰਚ 1748 ਵਿਚ ਪਹਿਰ ਕੁ ਰਾਤ ਰਹਿੰਦੀ ਸਮੇਂ ਵੈਰੀਆਂ ਉਤੇ ਕਹਿਰੀ ਹਮਲਾ ਕੀਤਾ ਗਿਆ। ਖ਼ਾਲਸਾ ਵੱਢ-ਟੁਕ ਕਰਦਾ ਸਿੱਧਾ ਸਲਾਬਤ ਖ਼ਾਨ ਦੀ ਗੜ੍ਹੀ ਉਤੇ ਜਾ ਪਿਆ। ਸਲਾਬਤ ਖ਼ਾਨ ਵੀ ਮੁਕਾਬਲੇ ਵਿਚ ਡਟ ਗਿਆ। ਪਰ ਖ਼ਾਲਸੇ ਦੇ ਜੋਸ਼ ਸਾਹਮਣੇ ਅੜਨਾ ਕੋਈ ਸੌਖੀ ਖੇਡ ਨਹੀਂ ਸੀ। ਦੁਪਹਿਰ ਤਕ ਵੈਰੀ ਦੇ ਪੈਰ ਉਖੜਨੇ ਸ਼ੁਰੂਹੋ ਗਏ ਤਾਂ ਸਲਾਬਤ ਖ਼ਾਨ ਸ. ਜੱਸਾ ਸਿੰਘ ਦੇ ਸਾਹਮਣੇ ਆ ਡਟਿਆ ।

ਆਹਲੂਵਾਲੀਆ ਸਰਦਾਰ ਇਵੇਂ ਝਪਟਿਆ ਜਿਵੇਂ ਬਾਜ਼ ਆਪਣੇ ਸ਼ਿਕਾਰ ਪੁਰ ਝਪਟਦਾ ਹੈ। ਉਸਨੇ ਖ਼ਾਨ ਪੁਰ ਐਸਾ ਤੁਲਵਾਂ ਵਾਰ ਕੀਤਾ ਕਿ ਉਸਦੇ ਦੋ ਟੋਟੇ ਕਰ ਕੇ ਧਰਤੀ ਉਤੇ ਸੁੱਟ ਦਿਤੇ। ਉਸਦਾ ਭਤੀਜਾ ਨਿਜ਼ਾਬਤ ਖ਼ਾਨ ਗੁੱਸਾ ਖਾ ਕੇ ਸ. ਜੱਸਾ ਸਿੰਘ ਉਪਰ ਵਾਰ ਕਰਨ ਨੂੰ ਅੱਗੇ ਵਧਿਆ ਹੀ ਸੀ ਕਿ ਨਵਾਬ ਕਪੂਰ ਸਿੰਘ ਨੇ ਇਕੋ ਤੀਰ ਨਾਲ ਉਸਨੂੰ ਪਾਰ  ਬੁਲਾ ਦਿਤਾ। ਵੈਰੀ ਦੀ ਫ਼ੌਜ ਸਿਰ ਤੇ ਪੈਰ ਰੱਖ ਕੇ ਦੌੜੀ ਅਤੇ ਖ਼ਾਲਸੇ ਦਾ ਅੰਮ੍ਰਿਤਸਰ ਉਤੇ ਕਬਜ਼ਾ ਹੋ ਗਿਆ।

ਸੰਨ 1753 ਵਿਚ ਅੰਮ੍ਰਿਤਸਰ ਵਿਖੇ ਇਕ ਵੱਡਾ ਇਕੱਠ ਹੋਇਆ ਅਤੇ ਨਵਾਬ ਕਪੂਰ ਸਿੰਘ ਜੀ ਨੇ ਖ਼ਾਲਸੇ ਨੂੰ ਦੱਸਿਆ ਕਿ ਮੇਰਾ ਅੰਤ ਸਮਾਂ ਹੁਣ ਨੇੜੇ ਹੈ, ਮੈਂ ਜਦ ਵੀ ਆਪ ਤੋਂ ਕਿਸੇ ਦਾਨ ਦੀ ਮੰਗ ਕੀਤੀ ਹੈ ਤਾਂ ਆਪ ਸਦਾ ਹੀ ਨਿਵਾਜਦੇ ਰਹੇ ਹੋ। ਪਰ ਹੁਣ ਮੈਂ ਅੰਤਿਮ ਦਾਨ ਮੰਗਦਾ ਹਾਂ, ਮੈਨੂੰ ਪੂਰੀ ਆਸ ਹੈ ਕਿ ਆਪ ਮੈਨੂੰ ਇਹ ਦਾਨ ਬਖ਼ਸ਼ ਕੇ ਨਿਵਾਜੋਗੇ। ਉਹ ਮੰਗ ਇਹ ਹੈ ਕਿ ਆਪ ਨੇ ਇਕ ਮੁੱਠ ਹੋਕੇ ਰਹਿਣਾ, ਅੱਜ ਤੋਂ ਆਪ ਨੂੰ ਸ. ਜੱਸਾ ਸਿੰਘ ਆਹਲੂਵਾਲੀਏ ਵਰਗੀ ਮਹਾਨ, ਗੁਰਸਿੱਖ ਹਸਤੀ ਨੂੰ ਸੌਂਪਣਾ ਕੀਤੀ ਹੈ । ਉਪਰੰਤ ਆਪ ਨੇ ਸ੍ਰੀ ਕਲਗੀਧਰ ਜੀ ਦੇ ਗਾਤਰੇ ਦੀ ਸ੍ਰੀ ਸਾਹਿਬ ਜੋ ਆਪ ਨੂੰ ਮਾਤਾ ਸੁੰਦਰ ਕੌਰ ਜੀ ਤੋਂ ਪ੍ਰਾਪਤ ਹੋਈ ਸੀ, ਸ. ਜੱਸਾ ਸਿੰਘ ਨੂੰ ਬਖਸ਼ੀ । ਇਸਦੇ ਨਾਲ ਹੀ ਪੰਥ ਦੀ ਜਥੇਦਾਰੀ ਉਸ ਦੇ ਹੱਥ ਸੌਂਪ ਕੇ ਆਪ ਚੜ੍ਹਾਈ ਕਰ ਗਏ। ਆਪ ਦਾ ਸਸਕਾਰ ਬਾਬਾ ਅਟੱਲ ਜੀ ਦੇ ਗੁਰਦੁਆਰੇ ਕੋਲ ਕੀਤਾ ਗਿਆ।

## ਨਵਾਬ ਕਪੂਰ ਸਿੰਘ ਜੀ ਦੀ ਸ਼ਖ਼ਸੀਅਤ

ਡੀਲ ਡੌਲ : ਆਪ ਦਾ ਕੱਦ ਲਗਪਗ ਸਾਰਿਆਂ ਫ਼ੌਜੀ ਸਰਦਾਰਾਂ ਨਾਲੋਂ ਉੱਚਾ ਸੀ। ਸਰੀਰ ਗੱਠਿਆ ਹੋਇਆ, ਚੌੜੀ ਛਾਤੀ, ਜੁੱਸਾ ਕਰੜਾ, ਚਿਹਰੇ ਤੇ ਤੇਜਮਈ ਝਲਕ ਸੀ।

ਨਿਰਭੈਤਾ : ਸਿੱਖ ਰਵਾਇਆਂ ਅਨੁਸਾਰ, ਜਰਨੈਲ ਹਮੇਸ਼ਾ ਅਗਾਂਹ ਹੋ ਕੇ ਹੀ ਲੜਿਆ ਕਰਦੇ ਹਨ। ਨਵਾਬ ਸਾਹਿਬ ਵੀ ਲਗਪਗ ਹਰ ਮੈਦਾਨਿ-ਜੰਗ ਵਿਚ ਅਗਾਂਹ ਹੋ ਕੇ ਹੀ ਜੂਝਦੇ ਰਹੇ। ਇਹੋ ਹੀ ਕਾਰਨ ਸੀ ਕਿ ਆਪ ਦਾ ਸਾਰਾ ਸਰੀਰ ਜ਼ਖ਼ਮਾਂ ਦੇ ਨਿਸ਼ਾਨਾਂ ਨਾਲ ਭਰਿਆ ਪਿਆ ਸੀ। ਸਯਦ ਮੁਹੰਮਦ ਲਤੀਫ਼ ਅਨੁਸਾਰ ਨਵਾਬ ਕਪੂਰ ਸਿੰਘ ਨੇ ਆਪਣੇ ਹੱਥਾਂ ਨਾਲ ਲਗਭਗ 5●● ਵੈਰੀ ਮਾਰੇ।

ਨਵਾਬ ਕਪੂਰ ਸਿੰਘ ਇਕ ਮਹਾਨ ਦੂਰ-ਅੰਦੇਸ਼ ਆਗੂਸਿੰਘ ਸਨ। ਉਹਨਾਂ ਨੇ ਕੌਮ ਦੀ ਅਗਵਾਈ ਐਸੇ ਮੌਕੇ ਤੇ ਕੀਤੀ ਜਦੋਂ ਪੱਤਾ ਪੱਤਾ ਸਿੰਘਾਂ ਦਾ ਦੁਸ਼ਮਣ ਸੀ। ਜਦੋਂ ਜ਼ਕਰੀਆਂ ਖ਼ਾਨ ਨੇ 1734 ਈ: ਵਿਚ ਆਪਣਾ ਵਾਅਦਾ ਤੋੜ ਕੇ ਸਿੰਘਾਂ ਦੇ ਇਲਾਕੇ ਤੇ ਹੱਲਾ ਕੀਤਾ ਤਾਂ ਨਵਾਬ ਸਾਹਿਬ ਦਾ ਇਹ ਕਹਿਣਾ, ਕਿ "ਖ਼ਾਲਸਾ ਸਾਰੇ ਪੰਜਾਬ ਤੇ ਰਾਜ ਕਰੇਗਾ, ਇਕ ਛੋਟੀ ਜਿਹੀ ਜਗੀਰ ਨਾਲ ਖ਼ਾਲਸੇ ਦਾ ਕੁਝ ਨਹੀਂ ਬਣਦਾ" ਉਨ੍ਹਾਂ ਦੀ ਰਾਜਸੀ ਸੂਝ-ਬੂਝ ਦਾ ਲਖਾਇਕ ਹੈ। ਇਹ ਕਹਿ ਕੇ ਉਨ੍ਹਾਂ ਨੇ ਇਕ ਤਾਂ ਸਿੰਘਾਂ ਨੂੰ ਆਤਮਹੀਣਤਾ ਦੀ ਭਾਵਨਾ ਦੇ ਮਾਰੂਅਸਰ ਤੋਂ ਬਚਾ ਲਿਆ, ਦੂਜਾ, ਸਿੱਖਾਂ ਨੂੰ ਸ਼ਕਤੀਸ਼ਾਲੀ ਰਾਜ ਪ੍ਰਾਪਤ ਕਰਨ ਦੇ ਆਹਰਾਂ ਵਿਚ ਲਗਾ ਦਿਤਾ। ਆਪਣੇ ਬਾਅਦ ਸ: ਜੱਸਾ ਸਿੰਘ ਜੀ ਨੂੰ ਖ਼ਾਲਸਾ ਕੌਮ ਦਾ ਆਗੂਸਥਾਪਤ ਕਰਨਾ ਇਕ ਮਹਾਨ ਦੂਰ-ਅੰਦੇਸ਼ੀ ਦਾ ਕੰਮ ਸੀ, ਜਿਸ ਨੂੰ ਬਾਅਦ ਵਿਚ ਉਸਦੇ ਗੁਣਾਂ ਕਾਰਨ ਪੰਥ ਨੇ ਸੁਲਤਾਨੁਲ-ਕੌਮ ਦਾ ਖ਼ਿਤਾਬ ਬਖ਼ਸ਼ਿਆ।

ਨਿਡਰ ਸਿਆਸਤਦਾਨ : ਸਿਆਸਤ ਇਕ ਐਸੀ ਬੀਮਾਰੀ ਹੈ, ਜਿਸਦੇ ਗਲ ਪੈ ਜਾਵੇ ਉਸਨੂੰ ਖਾ ਜਾਂਦੀ ਹੈ। ਇਹ ਵੱਡਿਆਂ ਵੱਡਿਆਂ ਨੂੰ ਰਾਜੇ ਤੋਂ ਰੰਕ ਤੇ ਰੰਕਾਂ ਤੋਂ ਰਾਜਾ ਬਣਾ ਦਿੰਦੀ ਹੈ। ਖ਼ਾਲਸਾ ਕਿਉਂਕਿ ਇਕ ਪੂਰਨ ਮਨੁੱਖ ਹੈ, ਇਸ ਦਾ ਸਾਰੇ ਗੁਣਾਂ ਨਾਲ ਭਰਪੂਰ ਹੋਣਾ ਬਹੁਤ ਜ਼ਰੂਰੀ ਹੈ। ਖ਼ਾਲਸੇ ਦੀ ਸਿਆਸਤ ਧਰਮ ਦੇ ਅਧੀਨ ਹੈ। ਖ਼ਾਲਸੇ ਦਾ ਧਰਮ ਪਹਿਲਾਂ ਹੈ ਤੇ ਸਿਆਸਤ ਬਾਅਦ ਵਿਚ। ਖ਼ਾਲਸਾ ਕਹਿੰਦਾ ਹੈ ਕਿ ਜਦ ਤਕ ਸਿਆਸਤ ਧਰਮ ਅਧੀਨ ਰਹੇਗੀ ਇਹ ਲੋਕ ਭਲਾਈ ਕਰੇਗੀ, ਪਰ ਜਦੋਂ ਇਹ ਧਰਮ ਤੇਭਾਰੂਹੋ ਗਈ ਤਾਂ ਧਰਮ ਨੂੰ ਬਦਨਾਮ ਕਰ ਦੇਵੇਗੀ।

ਨਵਾਬ ਕਪੂਰ ਸਿੰਘ ਦੇ ਜੀਵਨ ਬ੍ਰਿਤਾਂਤ ਵਿਚ ਪੜ੍ਹਿਆ ਹੈ ਕਿ ਉਹਨਾਂ ਨੇ ਧਰਮ ਦੀ ਖ਼ਾਤਰ, ਸੱਚ ਨਿਆਂ ਦੀ ਖਾਤਰ, ਧਰਮ ਦੇ ਦੋਖੀਆਂ ਨੂੰ ਕਿਸ ਤਰ੍ਹਾਂ ਸਜ਼ਾਵਾਂ ਦਿਤੀਆਂ । ਸਮੱਦ ਖ਼ਾਨ ਨੂੰ ਕਿਵੇਂ ਮਾਰਿਆ, ਨਾਦਰ ਸ਼ਾਹ ਦੀਆਂ ਫ਼ੌਜਾਂ ਨੂੰ ਕਿਵੇਂ ਲੁੱਟਿਆ-ਕੁੱਟਿਆ, ਪਰ ਆਪ ਕਾਬੂਨਾ ਆਏ। ਜ਼ਕਰੀਆ ਖ਼ਾਨ ਵਰਗੇ ਜ਼ਾਲਮ ਨੂੰ ਕਿੰਨੀ ਵਾਰੀ ਉਹਨਾਂ ਟਿੱਚ ਕੀਤਾ, ਇਹ ਵੀ ਵਰਣਨਯੋਗ ਹੈ। ਆਪ ਦਾ ਮੁਸਲਮਾਨੀ ਭੇਸ ਵਿਚ ਹੋਰ ਸਿੰਘਾਂ ਸਮੇਤ ਲਾਹੌਰ ਜਾਣਾ ਅਤੇ ਕਾਜ਼ੀਆਂ, ਮੁਲਾਣਿਆਂ ਦੀ ਆਕੜ ਭੰਨਣਾ, ਇਕ ਵੱਡੇ ਸਿਆਸਤਦਾਨ ਅਤੇ ਨਿਡਰ ਸੂਰਮੇ ਦਾ ਕੰਮ ਹੈ। ਇਸ ਕੌਤਕ ਨਾਲ ਵੈਰੀ ਇੰਨਾ ਯਰਕਿਆ ਕਿ ਤੌਬਾ ਤੌਬਾ ਕਰ ਉਠਿਆ। ਸਿਆਣੇ ਸਿਆਸਤਦਾਨ ਦਾ ਤਾਂ ਇਹ ਹੀ ਇਕ

ਵੱਡਾ ਗੁਣ ਹੁੰਦਾ ਹੈ ਕਿ ਬਹੁਤੀ ਤਾਕਤ ਨਾ ਹੁੰਦੇ ਹੋਏ ਵੀ ਬਹੁਤ ਤਾਕਤ ਵਾਲੇ ਨੂੰ ਯਰਕਾਈ ਰਖਣਾ। ਆਪ ਜੀ ਤੋਂ ਜ਼ਕਰੀਆ ਖ਼ਾਨ ਇੰਨਾ ਭੈਭੀਤ ਹੋ ਗਿਆ ਸੀ ਕਿ ਉਹ ਕਈ ਸਾਲ ਕਿਲ੍ਹੇ ਤੋਂ ਬਾਹਰ ਹੀ ਨਹੀਂ ਸੀ ਨਿਕਲਿਆ।

ਸ਼ਫਲ ਪ੍ਰਬੰਧਕ : ਭੇਡਾਂ ਦੇ ਇੱਜੜ ਨੂੰ ਤਾਂ ਹਰ ਕੋਈ ਕੰਟਰੋਲ ਕਰ ਸਕਦਾ ਹੈ ਪਰ ਸ਼ੇਰਾਂ ਦੇ ਵੱਗ ਨੂੰ ਕਾਬੂਰਖਣਾ ਬਹੁਤ ਔਖੀ ਗੱਲ ਹੁੰਦੀ ਹੈ। ਇਹ ਨਵਾਬ ਕਪੂਰ ਸਿੰਘ ਜੀ ਦੇ ਹਿੱਸੇ ਹੀ ਆਉਂਦਾ ਹੈ ਕਿ ਜਿਨ੍ਹਾਂ ਸਿੱਖਾਂ ਖਾਲਸੇ ਦੇ ਰੋਅਬ ਦਾਬ ਤੋਂ ਵੱਡੇ ਵੱਡੇ ਨਾਢੂਖ਼ਾਨ ਵੀ ਖ਼ਮ ਖਾਂਦੇ ਸਨ, ਉਨ੍ਹਾਂ ਨੂੰ ਸੰਗਠਤ ਕਰਕੇ ਰੱਖਿਆ ਤੇ ਉਨ੍ਹਾਂ ਦੀ ਤਾਕਤ ਦਾ ਸਹੀ ਅਤੇ ਮੌਕੇ ਮੁਤਾਬਿਕ ਇਸਤੇਮਾਲ ਕੀਤਾ।

ਸਿੱਖ ਪੰਥ ਨੂੰ ਸਭ ਤੋਂ ਪਹਿਲਾਂ ਦੋ ਦਲਾਂ ਵਿਚ ਵੰਡਣਾ, ਫਿਰ ਪੰਜਾਂ ਹਿਸਿਆਂ ਵਿਚ ਵੰਡਣਾ ਤੇ ਅੰਤ 12 ਹਿਸਿਆਂ (ਮਿਸਲਾਂ) ਵਿਚ ਵੰਡ ਕੇ ਸਾਰਿਆਂ ਨੂੰ ਸਹੀ ਅਗਵਾਈ ਦੇਣੀ ਇਹ ਆਪ ਜੀ ਦੇ ਸਫਲ ਪ੍ਰਬੰਧਥ ਹੋਣ ਦੇ ਗੁਣ ਸਨ।

ਸਫਲ ਗੁਰਮਤਿ ਪ੍ਰਚਾਰਕ : ਇਕ ਸਿੱਖ ਆਗੂਦਾ ਜਿਥੇ ਗੁਰਮਤਿ ਦਾ ਧਾਰਨੀ ਹੋਣਾ ਅਤੀ ਜ਼ਰੂਰੀ ਹੈ ਉਥੇ ਗੁਰਮਤਿ ਪ੍ਰਚਾਰਕ ਹੋਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ। ਜਿਹੜਾ ਸਿੱਖ ਆਗੂਕੇਵਲ ਦਿਖਲਾਵੇ ਦਾ ਸਿੱਖ ਹੀ ਹੈ, ਉਹ ਕਦੀ ਵੀ ਕਾਮਯਾਬ ਆਗੂਨਹੀਂ ਬਣ ਸਕਦਾ ਹੋ। ਸਦਕਾ ਹੈ ਕਿ ਕੁਝ ਸਮੇਂ ਲਈ ਆਪਣੀ ਮਾਇਆ ਜਾਂ ਬਾਹਾਂ ਦੇ ਬਲ-ਬੋਤੇ ਲੀਡਰੀ ਚਮਕਾ ਜਾਵੇ, ਬਹੁਤ ਲੰਮੇਂ ਸਮੇਂ ਤੀਕ ਉਹ ਆਪਣਾ ਪ੍ਰਭਾਵ ਕਾਇਮ ਨਹੀਂ ਰੱਖ ਸਕਦਾ ਕਿਉਂਕਿ ਸਿੱਖੀ ਦਾ ਧੁਰਾ ਹੀ ਧਰਮ ਹੈ ਨਾ ਕਿ ਸਿਆਸਤ। ਨਵਾਬ ਕਪੂਰ ਸਿੰਘ ਜੀ ਅੰਦਰ ਗੁਰਮਤਿ ਪ੍ਰਚਾਰ ਦੀ ਇੰਨੀ ਲਗਨ ਸੀ ਕਿ ਗ਼ੈਰ ਸਿੱਖ ਅਤੇ ਜਨੂੰਨੀ ਇਤਿਹਾਸਕਾਰ ਸਯਦ ਮੁਹੰਮਦ ਲਤੀਫ਼ ਵੀ ਆਪ ਜੀ ਬਾਰੇ ਇਉਂ ਲਿਖਦਾ ਹੈ:

"ਨਵਾਬ ਕਪੂਰ ਸਿੰਘ ਨੇ ਹਜ਼ਾਰਾਂ ਦੀ ਗਿਣਤੀ ਵਿਚ ਜੱਟਾਂ, ਤਰਖਾਣਾਂ, ਜੁਲਾਹਿਆਂ, ਝੀਵਰਾਂ ਅਤੇ ਖੱਤਰੀਆਂ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਗੁਰੂਗੋਬਿੰਦ ਸਿੰਘ ਦੇ ਸਿੱਖੀ ਮੰਡਲ ਵਿਚ ਅਭੇਦ ਕੀਤਾ।"

ਦੂਰ-ਦ੍ਰਿਸ਼ਟੀ ਵਾਲੇ ਚੋਣਕਾਰ : ਸੰਨ 1753 ਈ: ਵਿਚ ਚੜ੍ਹਾਈ ਕਰਨ ਤੋਂ ਪਹਿਲਾਂ, ਆਪ ਜੀ ਨੇ

ਸਰਬੱਤ ਖ਼ਾਲਸੇ ਦਾ ਇਕੱਠ ਬੁਲਾਇਆ। ਇਸ ਸਮੇਂ ਆਪ ਨੇ ਆਪਣੇ ਆਗਿਆਕਾਰ ਤੇ ਬਹਾਦਰ ਭਤੀਜੇ ਸਰਕਾਰ ਖੁਸ਼ਹਾਲ ਸਿੰਘ ਨੂੰ ਪੰਥ ਦੀ ਜਥੇਦਾਰੀ ਦੇਣ ਦੀ ਬਚਾਏ ਸ: ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਪੰਥ ਦੀ ਜਥੇਦਾਰੀ ਸੌਂਪੀ ਕਿਉਂਕਿ ਆਪ ਇਸ ਪਦ ਨੂੰ ਪੰਥ ਦੀ ਅਮਾਨਤ ਹੀ ਸਮਝਦੇ ਸਨ, ਨਾ ਕਿ ਨਿਜੀ ਵਿਰਾਸਤ । ਸ: ਜੱਸਾ ਸਿੰਘ ਨੇ ਪੰਥ ਦੀ ਅਗਵਾਈ ਜਿਸ ਯੋਗਤਾ ਅਤੇ ਸੁਚੱਜੇ ਢੰਗ ਨਾਲ ਕੀਤੀ, ਉਸ ਨੇ ਸਿੱਧ ਕੀਤਾ ਕਿ ਸ: ਕਪੂਰ ਸਿੰਘ ਜੀ ਦੂਰ-ਦ੍ਰਿਸ਼ਟੀ ਵਾਲੇ ਚੋਣਕਾਰ ਸਨ।

ਮੁਕਦੀ ਗੱਲ ਕਿ ਜਿੰਨੇ ਉਚੇ ਗੁਣ ਪੰਥ ਦੇ ਜਥੇਦਾਰ ਵਿਚ ਲੋੜੀਂਦੇ ਹਨ ਉਹ ਸਭ ਆਪ ਜੀ ਦੇ ਜੀਵਨ ਵਿਚ ਪਾਏ ਜਾਂਦੇ ਸਨ।

## ਨਵਾਬ ਕਪੂਰ ਸਿੰਘ ਜੀ ਇਤਿਹਾਸਕਾਰਾਂ ਦੀ ਨਜ਼ਰ ਵਿਚ

1. ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਵਿਚ ਖਾਲਸਾ ਪੰਥ ਦਾ ਪ੍ਰਤਾਪ ਵਧਿਆ। ਤੁਕਰ ਵੀ ਆਪ ਦੇ ਰੋਅਬ ਤੋਂ ਭੈ ਖਾਂਦੇ ਸਨ ਅਤੇ ਜਗੀਰ ਦੇ ਟਕੇ (ਮਾਲੀਆ) ਆਪ ਉਗਰਾਹ ਕੇ ਉਸ ਦੇ ਪਾਸ ਪਹੁੰਚਾ ਦੇਂਦੇ ਸਨ।

ਨਵਾਬੀ ਮਿਲਣ ਪੁਰ ਹੰਕਾਰ ਦੀ ਬਜਾਏ ਉਹ ਇਕ ਫਲਦਾਰ ਰੁੱਖ ਦੀ ਤਰ੍ਹਾਂ ਹੋਰ ਨਿਮ੍ਰਤਾ ਨਾਲ ਪੰਥ ਦੀ ਸੇਵਾ ਕਰਨ ਵਿਚ ਤਤਪਰ ਹੁੰਦੇ ਸਨ। ਆਪ ਨੇ ਖਿੰਡੇ ਹੋਏ ਖ਼ਾਲਸੇ ਨੂੰ ਇਕ ਲੜੀ ਵਿਚ ਪਰੋ ਦਿਤਾ ਤੇ ਉਸ ਵਿਚ ਇੰਨਾ ਗੂੜ੍ਹਾ ਪਿਆਰ ਭਰ ਦਿੱਤਾ ਕਿ ਸਿੰਘ ਆਪਸ ਵਿਚ ਸਕੇ ਭਰਾਵਾਂ ਤੋਂ ਵੱਧ ਪਿਆਰ ਕਰਨ ਲਗ ਪਏ:

ਕਪੂਰ ਸਿੰਘ ਨਿਬਾਬ ਭਏ ਤੋਂ ਸਿੰਘਨ ਵਧਯੋ ਪਰਤਾਪ।

ਤੁਰਕ ਖੁਸ਼ਾਮਦ ਬਹੁ ਕਰੈਂ ਟਕੇ ਦੇਂ ਘਾਲੈਂ ਆਪ।'......

ਕਪੂਰ ਸਿੰਘ ਪਰ ਕਿਰਪਾ ਪੰਥ ਕਰੀ।

ਭਲੀ ਬੁਧ ਆਇ ਤਿਸ ਮੈਂ ਪਰੀ।

ਬਹੁਤ ਸਿੰਘ ਕੋ ਆਦਰ ਧਰੈ।

ਬਿਨਾ ਪੁਛ ਪੰਥ ਗਲ ਨ ਕਰੈ।5।

ਟਹਲ ਅਗੇ ਤੇ ਕਰੇ ਸਵਾਈ।

ਬਹੁਤ ਗਰੀਬੀ ਉਸ ਮਨ ਆਈ।

ਜਿਮ ਜਿਮ ਪੰਥਹਿ ਟਹਲ ਕਮਾਵੈ।

ਤਿਮ ਤਿਮ ਸਿੰਘ ਜੀ ਗੁਰਮਤ ਆਵੈ।1●।

... ... ...

ਇਕ ਥਾਂ ਤੇ ਸਭ ਲੇ ਪੁਸ਼ਾਕ।

ਇਕਹਿ ਥਾਂਏਂ ਸਭ ਦੇਵਹਿ ਰਾਖ।

ਇਕ ਥਾਂਏਂ ਸਭ ਰਖੈਂ ਕਮਾਈ।

ਰਖੈ ਨਾਹੀ ਕੋਈ ਤਿਸ ਛਪਾਈ।

ਦਰਬ ਲਿਆਵੈਂ ਜੋ ਬਾਹਰੋਂ ਕੋਈ।

ਪਾਵੈ ਖਜ਼ਾਨੇ ਇਕ ਥਾਂ ਸੋਈ।

(ਰਤਨ ਸਿੰਘ ਭੰਗੂ)

2. ਨਵਾਬ ਕਪੂਰ ਸਿੰਘ, ਆਪਣੇ ਆਪ ਵਿਚ ਵੱਡੇ ਹੌਸਲੇ ਵਾਲਾ ਅਤੇ ਬਹਾਦਰ ਸਿੰਘ ਸੀ। ਉਹ ਲੜਾਈ ਦੇ ਮੈਦਾਨ ਵਿਚ ਮਸਤ ਹਾਥੀ ਦੀ ਤਰ੍ਹਾਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਵੈਰੀਆਂ ਦੇ ਸਿਰ ਜਾ ਚੜ੍ਹਦਾ ਸੀ। ਉਸ ਦੇ ਸਾਰੇ ਸਰੀਰ ਪਰ ਫੱਟਾਂ ਦੇ ਚਿੰਨ੍ਹ ਸਨ। ਉਸ ਨੂੰ ਇਸ ਗੱਲ ਪਰ ਮਾਣ ਸੀ ਕਿ ਉਸ ਨੇ ਪੰਥ-ਸੇਵਾ ਦੇ ਰਣ-ਖੇਤਰ ਵਿਚ ਆਪਣਾ ਸਰੀਰ ਜ਼ਖਮਾਂ ਨਾਲ ਛਲਨੀ ਕਰਵਾ ਲਿਆ ਸੀ ਪਰ ਕਦੇ ਮੈਦਾਨੇ ਜੰਗ ਵਿਚੋਂ ਪਿਛੇ ਨਹੀਂ ਸੀ ਹਟਿਆ।

ਨਵਾਬ ਕਪੂਰ ਸਿੰਘ ਨੂੰ ਸਿੱਖੀ ਦੇ ਪ੍ਰਚਾਰ ਦਾ ਬੇਅੰਤ ਚਾਅ ਸੀ, ਹਜ਼ਾਰਾਂ ਹੀ ਅੱਡ ਅੱਡ ਜਾਤੀਆਂ ਦੇ ਆਦਮੀਆਂ ਨੂੰ ਇਸ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ। ਊਚ ਨੀਚ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ ਅਤੇ ਸ੍ਰੀ ਗੁਰੂਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਪੂਰਾ ਕਰਦਾ ਰਿਹਾ।

(ਗਿਆਨੀ ਗਿਆਨ ਸਿੰਘ)

3. ਇਹ ਧਰਮਵੀਰ ਪੰਥ ਦੀ ਵੱਡੀ ਸੇਵਾ ਕਰਦਾ ਰਿਹਾ ਅਤੇ ਕਰਨੀ ਵਾਲੇ ਸਿੰਘਾਂ ਵਿਚ ਇਸ ਦੀ ਗਿਣਤੀ ਹੋਈ।

(ਡਾ. ਕਾਨ੍ਹ ਸਿੰਘ ਜੀ ਨਾਭਾ-ਮਹਾਨ ਕੋਸ਼)

4. ਇਹ ਬੜਾ ਬਹਾਦਰ ਅਤੇ ਨਿਡੱਰ ਸੂਰਮਾ ਸੀ।

(ਮੈਕਗ੍ਰੈਗਰ-ਹਿਸਟਰੀ ਆਫ਼ ਦਾ ਸਿਖਸ)

5. ਜਦ ਤਕ ਨਵਾਬ ਕਪੂਰ ਸਿੰਘ ਜਿਊਂਦਾ ਰਿਹਾ, ਉਹ ਸਿੱਖਾਂ ਦੇ ਸਾਰੇ ਆਗੂਆਂ ਵਿਚ ਪਹਿਲੇ ਦਰਜੇ ਦਾ ਮੰਨਿਆਂ ਜਾਂਦਾ ਸੀ। ਇਹ ਉਹੀ ਮਹਾਂ ਬੀਰ ਸੀ, ਜਿਸ ਨੇ ਖ਼ਾਲਸੇ ਦੀ ਖੇਰੂੰ ਖੇਰੂੰ ਹੋ ਚੁਕੀ ਕੌਮ ਨੂੰ ਜਥੇਬੰਦ ਕਰਕੇ ਖ਼ਾਲਸਾ ਦਲ ਦੇ ਰੂਪ ਵਿਚ ਮੂਰਤੀਮਾਨ ਕੀਤਾ।

(ਲੈਪਲ ਗ੍ਰਿਫਨ-ਦੀ ਰਾਜਾਜ਼ ਆਫ਼ ਦੀ ਪੰਜਾਬ)

6. ਨਵਾਬ ਕਪੂਰ ਸਿੰਘ ਨੇ ਹਜ਼ਾਰਾਂ ਜੱਟਾਂ, ਤਰਖਾਣਾਂ, ਅਛੂਣਾਂ, ਖੱਤਰੀਆਂ ਅਤੇ ਅਰੋੜਿਆਂ ਨੂੰ ਸਿੱਖ ਸਜਾਇਆ, ਉਹਨਾਂ ਦੇ ਸਜਾਏ ਹੋਏ ਸਿਖ ਕਈ ਇਲਾਕਿਆਂ ਦੇ ਮਾਲਕ ਬਣੇ।

(ਘਨਈਆ ਲਾਲ-ਤਾਰੀਖ-ਇ-ਪੰਜਾਬ)

7. ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੇ ਬਾਅਦ ਜਦੋਂ ਖ਼ਾਲਸਾ ਖੇਰੂੰ ਖੇਰੂੰ ਹੋ ਗਿਆ ਸੀ, ਇਹ ਇਸੇ ਦੂਰ ਦਰਸ਼ੀ ਦਾ ਕੰਮ ਸੀ ਕਿ ਖਿੰਡੇ ਹੋਏ ਖ਼ਾਲਸੇ ਨੂੰ ਮੁੜ ਜਥੇਬੰਦ ਕਰਕੇ ਅਤਿ ਸ਼ਕਤੀਮਾਨ ਬਣਾ ਦਿਤਾ। ਆਪ ਦੀ ਬੀਰਤਾ ਅਤੇ ਉੱਚ ਧਰਮੀ ਜੀਵਨ ਨੇ ਖ਼ਾਲਸੇ ਦੇ ਆਗੂਆਂ ਦੇ ਮਨਾਂ ਵਿਚ ਇਕ ਨਵੇਂ ਖਿਆਲ ਦਾ ਬੀਜ ਪਾ ਦਿਤਾ ਤੇ ਖ਼ਾਲਸੇ ਨੇ ਹੁਣ ਧਾਰਮਿਕ ਸਿਧਾਂਤਾਂ ਦੇ ਨਾਲ ਦੇਸ਼ ਦੀ ਆਜ਼ਾਦੀ

ਅਤੇ ਖ਼ਾਲਸੇ ਲਈ ਰਾਜ ਭਾਗ ਦੀ ਪ੍ਰਾਪਤੀ ਦਾ ਸਿਧਾਂਤ ਵੀ ਅਪਣਾ ਲਿਆ। ਇਸ ਨੇ ਪਹਿਲਾਂ ਖਿਲਰੇ ਹੋਏ ਖ਼ਾਲਸੇ ਨੂੰ ਦੋ ਦਲਾਂ ਦੇ ਰੂਪ ਵਿਚ ਜਥੇਬੰਦ ਕੀਤਾ।

ਇਹਨਾਂ ਦੀ ਬਹਾਦਰੀ ਦਾ ਸਿੱਕਾ ਅੰਮ੍ਰਿਤਸਰ ਤੋਂ ਦਿੱਲੀ ਤੀਕ ਮੰਨਿਆ ਜਾਂਦਾ ਸੀ। ਸਾਰੇ ਸਿੰਘਾਂ ਵਿਚ ਉਹ ਮਹਾਨ ਪਵਿਤਰ ਜੀਵਨ ਵਾਲਾ ਮੰਨਿਆ ਜਾਂਦਾ ਸੀ। ਇਸ ਲਈ ਉਸ ਨੂੰ ਸਾਰਾ ਪੰਥ ਸਤਿਕਾਰਦਾ ਸੀ।

(ਸੱਯਦ ਮੁਹੰਮਦ ਲਤੀਫ਼–ਹਿਸਟਰੀ ਆਫ਼ ਪੰਜਾਬ)

ਮੁਕਦੀ ਗੱਲ ਇਹ ਕਿ ਸਾਰੇ ਇਤਿਹਾਸਕਾਰ, ਭਾਵੇਂ ਉਹ ਜਨੂੰਨੀ ਵੀ ਕਿਉਂ ਨਾ ਹੋਣ, ਨਵਾਬ ਕਪੂਰ ਸਿੰਘ ਜੀ ਦੀ ਮਹਾਨ ਸ਼ਖਸੀਅਤ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕੇ।

ਸਾਡੇ ਵਰਤਮਾਨ ਆਗੂਆਂ ਨੂੰ ਵੀ ਸਰਦਾਰ ਕਪੂਰ ਸਿੰਘ ਜੀ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਨੂੰ ਵੀ ਨਿਰਮਾਣ ਹੋ ਕੇ ਸਿੱਖ ਪੰਥ ਦੀ ਸੇਵਾ ਕਰਨੀ ਚਾਹੀਦੀ ਹੈ। ਨਿਜੀ ਲਾਭਾਂ ਦਾ ਧਿਆਨ ਨਾ ਰਖਦੇ ਹੋਇਆਂ ਸਿੱਖੀ ਦੀ ਆਨ–ਸ਼ਾਨ ਨੂੰ ਬਰਕਰਾਰ ਰੱਖਣ ਲਈ ਜਤਨਸ਼ੀਲ ਰਹਿਣਾ ਚਾਹੀਦਾ ਹੈ।

**ਲੇਖਕ: ਜਸਬੀਰ ਸਿੰਘ**

**Ph. : (0172-2696891),**
**09988160484**

**Radheshyam Choudhary**
**Type Setting**
**98149-66882**